# 1. ਪ੍ਰਾਚੀਨ ਭਗਤੀ ਗੀਤ ਕਾਵਿ ਰੂਪ : ਸਮਕਾਲੀ ਪਰਿਪੇਖ

ਭਗਤੀ ਦਾ ਆਰੰਭ ਆਦਿ ਕਾਲ ਭਾਵ ਪ੍ਰਾਕ੍ਰਿਤੀ ਦੀ ਹੋਂਦ ਦੇ ਨਾਲ ਹੀ ਸ਼ੁਰੂ ਹੋਇਆ। ਮਾਨਵ ਨੇ ਜਦੋਂ ਹੋਸ਼ ਸੰਭਾਲੀ ਤਾਂ ਉਹ ਆਪਣੇ ਆਲੇ-ਦੁਆਲੇ ਦੇ ਚੁਗਿਰਦੇ ਵਿਚ ਫੈਲੀ ਹੋਈ ਪ੍ਰਕ੍ਰਿਤੀ ਦੇ ਪ੍ਰਤੀ ਸੁਚੇਤ ਹੋਇਆ। ਕਦੀ ਉਹ ਇਹ ਸਭ ਦੇਖ ਕੇ ਡਰਿਆ, ਕਦੀ ਹੈਰਾਨ ਹੋਇਆ ਅਤੇ ਕਦੀ ਉਹ ਕੁਦਰਤੀ ਸੁੰਦਰਤਾ ਤੋਂ ਆਨੰਦਿਤ ਹੋਇਆ। ਪ੍ਰਾਕ੍ਰਿਤਕ ਚੀਜ਼ਾਂ ਦੀ ਆਪਣੀ ਜ਼ਿੰਦਗੀ ਵਿਚ ਅਹਿਮੀਅਤ ਨੂੰ ਸਮਝਦੇ ਹੋਏ ਉਸ ਨਾਲ ਸੰਬੰਧ ਜੋੜਿਆ ਅਤੇ ਕਦੀ ਸ਼ਰਧਾਭਾਵ ਨਾਲ ਉਸਦੇ ਸਾਹਮਣੇ ਸਿਰ ਝੁਕਾਇਆ। ਭਗਤੀ ਭਾਵ ਜੀਵ ਦੀ ਉਤਪਤੀ ਦੇ ਨਾਲ ਹੀ ਜਨਮਿਆ। ਇਸ ਦਾ ਸਥਾਨ ਮਨੁੱਖ ਦੀ ਕਾਇਆ ਅੰਦਰ ਆਤਮਾ ਵਿਚ ਵਿਗਸਿਆ ਹੋਇਆ ਅੰਤਿਮ ਸਤ ਦਾ ਭਾਗ ਹੈ। ਜੋ ਅਪਾਰ ਜੋਤ ਆਤਮਾ ਵਿਚ ਵਸ ਰਹੀ ਹੈ, ਉਸ ਨਾਲ ਇਕਸੁਰਤਾ ਜਾਂ ਇਕ ਜੋਤ ਹੋਣਾ ਹੀ ਭਗਤੀ ਹੈ।

"ਮਨੁੱਖੀ ਹਿਰਦੇ ਅੰਦਰ ਭਗਤੀ ਭਾਵ ਉਦੋਂ ਤੋਂ ਹੀ ਪੈਦਾ ਹੋ ਗਿਆ ਸੀ ਜਦੋਂ ਮਨੁੱਖ ਨੇ ਆਪਣੇ ਆਪ ਨੂੰ ਬਾਹਰਲੀ ਪ੍ਰਕ੍ਰਿਤੀ ਨੂੰ ਸਮਝ ਸਕਣ ਦੇ ਅਸਮਰਥ ਪਾਇਆ। ਮਨੁੱਖ ਦਾ ਅਵਿਕਸਤ ਮਨ ਜਦੋਂ ਮੀਂਹ, ਹਨ੍ਹੇਰੀ, ਝੱਖੜ ਆਦਿ ਦਾ ਕੋਈ ਕਾਰਨ ਜਾਂ ਮੂਲ ਨਾ ਲੱਭ ਸਕਿਆ ਤਾਂ ਉਸ ਦਾ ਸਿਰ ਕੁਦਰਤ ਦੇ ਸਿਜਦੇ ਵਿਚ ਝੁੱਕ ਗਿਆ, ਕੁਦਰਤ ਪ੍ਰਤੀ ਉਸਦੇ ਮਨ ਵਿਚ ਭਗਤੀ ਦੀ ਭਾਵਨਾ ਪੈਦਾ ਹੋ ਗਈ।"[1]

ਇਹ ਭਗਤੀ ਅਦ੍ਰਿਸ਼ ਸ਼ਕਤੀ ਦੇ ਭੈਅ ਵੱਸ ਸ਼ੁਰੂ ਹੋਈ। ਮਨੁੱਖ ਨੇ ਵਿਸ਼ਾਲ ਪ੍ਰਕਿਰਤੀ ਨੂੰ ਇੱਕ ਉੱਚ ਸ਼ਕਤੀ ਵਜੋਂ ਸਵੀਕਾਰਦੇ ਹੋਏ ਇਹ ਮੰਨ ਲਿਆ ਸੀ ਕਿ ਇਨ੍ਹਾਂ ਪਰਾ ਸ਼ਕਤੀਆਂ ਦੀ ਕਰੋਪੀ ਤੋਂ ਬਚਣ ਲਈ ਇਨ੍ਹਾਂ ਦੀ ਪੂਜਾ-ਅਰਚਨਾ ਕਰਕੇ ਇਹਨਾਂ ਸ਼ਕਤੀਆਂ ਨੂੰ ਖੁਸ਼ ਰੱਖਣਾ ਹੀ ਸਭ ਤੋਂ ਉੱਤਮ ਹੈ।

"ਮਨੁੱਖ ਦੀ ਵਿਵਸਥਾ ਤੇ ਪ੍ਰਕ੍ਰਿਤੀ ਦੀ ਵਿਰਾਟਤਾ ਨੇ ਮਨੁੱਖ ਨੂੰ ਅਦਿੱਖ ਸ਼ਕਤੀ ਪ੍ਰਤੀ ਸੁਚੇਤ ਕੀਤਾ ਅਤੇ ਉਸ ਪ੍ਰਤੀ ਪ੍ਰੇਮ ਭਾਵਨਾ ਜਗਾਈ। ਇਸ ਡਰ ਅਤੇ ਪ੍ਰੇਮ ਦੇ ਵਿਰੋਧਾਮੇਲ ਵਿਚੋਂ ਭਗਤੀ ਦੀ ਬੁਨਿਆਦ ਨਿਰਧਾਰਿਤ ਹੁੰਦੀ ਹੈ।"[2]

ਅਸਲ ਵਿਚ ਭਗਤੀ ਦਾ ਮੁੱਢ ਮਨੁੱਖ ਨੇ ਆਪਣੇ ਜੀਵਨ ਨੂੰ ਸੁੱਖ ਸਮਰਿੱਧੀ ਨਾਲ ਭਰਪੂਰ ਕਰਨ ਲਈ ਬੰਨਿਆ। ਪ੍ਰਕ੍ਰਿਤੀ ਦੀ ਇਸ ਵਿਸ਼ਾਲਤਾ ਦੇ ਗੂੜ-ਰਹੱਸਾਂ ਤੋਂ ਮਨੁੱਖ ਅਣਜਾਣ ਸੀ। ਉਸ ਨੇ ਸੂਰਜ, ਹਵਾ, ਪਾਣੀ, ਅੱਗ ਆਦਿ ਪ੍ਰਾਕ੍ਰਿਤਕ ਰੂਪ ਜੋ ਕਿ ਉਸ ਦੀ ਰੋਜ਼ਾਨਾ ਜ਼ਿੰਦਗੀ ਦੀ ਜ਼ਰੂਰਤ ਸੀ ਦੇਵਤਿਆਂ ਦੇ ਰੂਪ ਵਿੱਚ ਕਲਪਨਾ ਕੀਤੀ। "ਆਰੰਭਿਕ ਆਰੀਆ ਪ੍ਰਕ੍ਰਿਤੀ-ਪੂਜਾ ਦੇ ਹਾਮੀ ਸਨ। ਪ੍ਰਕ੍ਰਿਤੀ-ਪੂਜਾ ਅਸਲ ਵਿਚ ਪ੍ਰਾਚੀਨ ਮਨੁੱਖ ਦੀ ਪ੍ਰਕ੍ਰਿਤੀ ਨਾਲ ਇਕਸੁਰਤਾ ਦਾ ਚਿੰਨ੍ਹ ਹੈ। ਮਨੁੱਖ ਤੇ ਕੁਦਰਤ, ਮਨੁੱਖ ਤੇ ਸਮਾਜ ਵਿਚਲੇ ਰਿਸ਼ਤੇ ਇੰਨੇ ਸਾਦੇ ਤੇ ਜ਼ਰੂਰੀ ਸਨ ਕਿ ਵਿਅਕਤੀ ਦੀ ਜਾਤੀ ਸਖ਼ਸ਼ੀਅਤ ਦਾ ਕੋਈ ਮਹੱਤਵ ਹੀ ਨਹੀਂ ਸੀ ਰਹਿ ਜਾਂਦਾ। ਇਹ ਲੋਕ ਕਈ ਪ੍ਰਕ੍ਰਿਤਕ ਦੇਵਤਿਆਂ ਦੀ ਪੂਜਾ ਕਰਦੇ ਸਨ, ਪਰ ਉਨ੍ਹਾਂ ਵਿਚੋਂ ਪ੍ਰਮੁੱਖ ਤਿੰਨ ਸਨ: ਇੰਦਰ, ਵਰੁਣ ਤੇ ਅਗਨੀ। ਆਰੀਆ ਇਸ ਵਿਚਾਰ ਦੇ ਸਮਰੱਥਕ ਸਨ ਕਿ ਇਨ੍ਹਾਂ

---

[1] ਕੇਸਰ, ਜਸਬੀਰ (ਡਾ.), ਪੰਜਾਬੀ ਸਾਹਿਤ ਦੀ ਭੂਮਿਕਾ, ਪੰਨਾ 58.
[2] ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ 1985, ਪੰਨਾ 46.

ਦੇਵਤਿਆਂ ਦੀ ਪੂਜਾ ਉਨ੍ਹਾਂ ਲਈ ਸੰਸਾਰਕ ਤੇ ਪਦਾਰਥਕ ਖੁਸ਼ੀਆਂ ਦਾ ਕਾਰਣ ਬਣੇਗੀ। ”[1] ਇਨ੍ਹਾਂ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਖੁਸ਼ ਕਰਨ ਦੇ ਲਈ ਮਨੁੱਖ ਨੇ ਉਨ੍ਹਾਂ ਦੀ ਪੂਜਾ ਅਰਚਨਾ ਕੀਤੀ।“ਅਜਿਹਾ ਉਹ ਦੇਵਤਿਆਂ ਦੇ ਭੈ ਵਸ ਕਰਦੇ ਸਨ। ਉਹ ਸਮਝਦੇ ਸਨ ਕਿ ਦੇਵਤੇ ਅਥਾਹ ਸ਼ਕਤੀਆਂ ਦੇ ਮਾਲਕ ਹਨ। ਉਹਨਾਂ ਨੂੰ ਖੁਸ਼ ਰੱਖਣ ਨਾਲ ਸਾਡੇ ਦੁੱਖ ਕਲੇਸ਼ ਦੂਰ ਹੋ ਸਕਦੇ ਹਨ ਨਹੀਂ ਤਾਂ ਅਸੀਂ ਉਹਨਾਂ ਦੀ ਕਰੋਪੀ ਦਾ ਸ਼ਿਕਾਰ ਹੋ ਜਾਵਾਂਗੇ। ”[2] ਪ੍ਰਾਕ੍ਰਿਤਕ ਸ਼ਕਤੀਆਂ ਦੀ ਆਪਣੀ ਰੋਜ਼ ਦੀ ਜ਼ਿੰਦਗੀ ਵਿਚ ਅਹਿਮੀਅਮ ਨੂੰ ਸਮਝਦੇ ਹੋਏ ਸਭ ਤੋਂ ਪਹਿਲਾਂ ਇਨ੍ਹਾਂ ਸ਼ਕਤੀਆਂ ਨੂੰ ਹੀ ਦੇਵਤਾ ਦਾ ਸਰੂਪ ਮੰਨਿਆ। ਮਨੁੱਖ ਦਾ ਇਹ ਵਿਸ਼ਵਾਸ ਸੀ ਕਿ ਇਨ੍ਹਾਂ ਸ਼ਕਤੀਆਂ ਨੂੰ ਸਹਾਇਕ ਬਣਾਉਣ ਲਈ ਇਨ੍ਹਾਂ ਅੱਗੇ ਝੁੱਕ ਕੇ ਇਨ੍ਹਾਂ ਦੀ ਪੂਜਾ ਅਰਚਨਾ ਕਰਨੀ ਚਾਹੀਦੀ ਹੈ ਅਤੇ ਇਸੇ ਭਾਵਨਾ ਨੇ ਭਗਤੀ ਦਾ ਰੂਪ ਧਾਰਨ ਕੀਤਾ।“ਭਗਤੀ ਸਿਮਰਨ, ਜ਼ਿਕਰ ਜੁੜਨਾ ਹੈ, ਜ਼ੁਜ ਦਾ ਕੁਲ ਅੰਦਰ, ਜੀਵ ਆਤਮ ਦਾ ਪਰਮ ਆਤਮਾ ਅੰਦਰ, ਬੂੰਦ ਦਾ ਸਾਗਰ ਅੰਦਰ, ਕਿਰਨ ਦਾ ਸੂਰਜ ਅੰਦਰ ਜਾਂ ਅਣੂ ਦਾ ਬ੍ਰਹਮ ਅੰਦਰ। ”[3]

ਭਗਤੀ ਦੇ ਦੁਆਰਾ ਹੀ ਮਨੁੱਖੀ ਆਤਮਾ ਸਹਿਜ ਹੀ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਭਗਤੀ ਹੀ ਅਜਿਹਾ ਦਰਸ਼ਨ ਹੈ ਜਿਸ ਦਾ ਪ੍ਰਕਾਸ਼ ਭਗਤ ਦੇ ਆਪਣੇ ਵਿਅਕਤੀਤਵ ਤੋਂ ਹੁੰਦਾ ਹੈ। ਉਹ ਆਪਣੀ ਆਤਮਾ ਤੋਂ ਸੱਚੀ ਸਰਧਾ ਅਤੇ ਲਗਨ ਨਾਲ ਪ੍ਰਭੂ ਦੀ ਅਰਾਧਨਾ ਕਰਕੇ ਬ੍ਰਹਮ ਲੀਨਤਾ ਦੇ ਸਾਗਰ ਵਿਚ ਤਾਰੀ ਲਾਉਂਦਾ ਹੈ।

ਭਗਤੀ ਕਿਸੇ ਤਰ੍ਹਾਂ ਦੇ ਕਰਮਕਾਂਡਾਂ ਦੀ ਮੁਥਾਜ ਨਹੀਂ ਬਲਕਿ ਪ੍ਰਾਕ੍ਰਿਤਕ ਰੂਪ ਵਿਚ ਪ੍ਰਭੂ ਨਾਲ ਜੁੜ ਕੇ ਜੀਵਨ ਜਿਉਣ ਦੀ ਜਾਂਚ ਹੈ। ਭਗਤੀ ਮਨੁੱਖ ਦਾ ਇਕ ਐਸਾ ਯਤਨ ਹੈ ਜਿਸ ਨਾਲ ਸੁਭਾਵਿਕ ਬਿਰਤੀ ਨਿਸ਼ਕਾਮ ਰੂਪ ਨਾਲ ਪ੍ਰਭੂ ਵੱਲ ਲੱਗ ਜਾਂਦੀ ਹੈ ਤੇ ਆਤਮਾ ਉਸ ਪ੍ਰਭੂ ਦੇ ਗੂੜੇ ਪ੍ਰੇਮ ਵਿਚ ਭਿੱਜੀ ਰਹਿੰਦੀ ਹੈ।

“ਭਗਤ ਪਹਿਲੋਂ ਪਹਿਲ ਭੈਅ ਖਾ ਕੇ ਹੀ ਪ੍ਰਭੂ ਅਨੁਰਾਗੀ ਹੋਇਆ ਹੈ। ਗੱਲ ਵੱਖਰੀ ਹੈ ਕਿ ਜਿਵੇਂ ਜਿਵੇਂ ਉਸ ਨੂੰ ਨਿਰਵੇਦ ਪ੍ਰਾਪਤ ਹੋਇਆ ਉਹ ਗਿਆਨੀ ਬਣਕੇ ਪ੍ਰਭੂ ਭਗਤੀ ਕਰਨ ਲੱਗਾ। ”[4]

ਭਗਤੀ ਦੀ ਭਾਵਨਾ ਦਾ ਮੂਲ ਇਕ ਪਰਮਪਿਤਾ ਪ੍ਰਭੂ ਸੰਸਾਰ ਦੇ ਕਰਤਾ-ਧਰਤਾ ਦੀ ਹੋਂਦ ਦੀ ਸਥਿਰਤਾ ਦਾ ਵਿਸ਼ਵਾਸ ਹੈ। ਇਹ ਵਿਸ਼ਵਾਸ ਭਾਰਤੀ ਚਿੰਤਨ ਵਿਚ ਅਤਿ ਪ੍ਰਾਚੀਨ ਹੈ।

ਸਧਾਰਨ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਅਦ੍ਰਿਸ਼ ਜਾਂ ਦ੍ਰਿਸ਼ ਸ਼ਕਤੀ ਉਪਰ ਪੂਰਨ ਨਿਸ਼ਠਾ ਰੱਖ ਕੇ ਉਸੇ ਦੀ ਹੀ ਅਰਾਧਨਾ ਜਦੋਂ ਪ੍ਰੇਮ ਸਹਿਤ ਕੀਤੀ ਜਾਂਦੀ ਹੈ ਤਾਂ ਇਹ ਪ੍ਰੇਮ ਜਾਂ ਵਿਸ਼ਵਾਸ ਹੀ ਭਗਤੀ ਦਾ ਰੂਪ ਧਾਰਨ ਕਰਦੀ ਹੈ। ਪ੍ਰੇਮ ਤੇ ਨਿਸ਼ਠਾ ਹੀ ਭਗਤੀ ਦਾ ਆਧਾਰ ਹੈ। ਪਰਮਾਤਮਾ ਤੋਂ ਵਿਛੜੀ ਰੂਹ ਆਪਣੇ ਇਸ਼ਟ ਦੇ ਮਿਲਾਪ ਲਈ ਤੱਤਪਰ ਹੋਈ ਉਸੇ ਇਸ਼ਟ ਨੂੰ ਧਿਆਉਂਦੀ ਹੈ। ਇਹ ਆਤਮਾ ਦੀ ਤੜੱਪ ਜਦੋਂ ਵਧਦੀ ਹੈ ਤਾਂ ਮਨੁੱਖ ਉਸੇ ਦੇ ਧਿਆਨ, ਸਿਮਰਨ ਵਿਚ ਮਗਨ ਰਹਿੰਦਾ ਹੈ। ਇਹੀ ਸਿਮਰਨ ਜਾਂ ਅਰਾਧਨਾ ਹੀ ਭਗਤੀ ਹੈ। ਜੀਵਨ ਦੀ ਸਿੱਧੀ ਦੇ ਲਈ ਭਾਵ ਜੀਵਨ ਨੂੰ ਸੁੱਖ-

---

[1] ਖੋਜ ਪ੍ਰਤ੍ਰਿਕਾ, ਪੰਨਾ 49.
[2] ਨਾਨਕ ਪ੍ਰਕਾਸ਼ ਪੱਤ੍ਰਿਕਾ-ਜੂਨ 1985, ਪੰਨਾ 144.
[3] ਉਹੀ, ਪੰਨਾ 129.
[4] ਗਿੱਲ, ਮਹਿੰਦਰ ਕੌਰ (ਡਾ.), ਆਦਿ ਗ੍ਰੰਥ ਛੰਤ ਵਿਵੇਚਨ, ਪੰਨਾ 33-34.

ਸਮਰਿੱਧੀ ਨਾਲ ਜੀਵਣ ਜਾਪਣ ਕਰਨ ਦੇ ਲਈ ਗਿਆਨ, ਕਰਮ ਅਤੇ ਉਪਾਸਨਾ ਤਿੰਨ ਮਾਰਗ ਦੱਸੇ ਗਏ ਹਨ। ਭਗਤੀ ਉਪਾਸਨਾ ਦਾ ਪ੍ਰਾਇਵਾਚਕ ਸ਼ਬਦ ਹੈ। ਭਗਤੀ, ਗਿਆਨ ਅਤੇ ਕਰਮ ਇਨ੍ਹਾਂ ਮਾਰਗਾਂ ਦੇ ਧਾਰਨੀ ਬਣ ਕੇ ਪ੍ਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ।

"ਮਨੁੱਖ ਨੂੰ ਉਸਦੇ ਕਰਮਾਂ ਦਾ ਫ਼ਲ ਜ਼ਰੂਰ ਮਿਲਦਾ ਹੈ। ਕਰਮ ਫ਼ਲ ਨੂੰ ਸਾਹਮਣੇ ਰੱਖਦਿਆਂ ਮਨੁੱਖ ਮਾਤਰ ਕਈ ਜਨਮ ਉੱਚੀ-ਉੱਚੀ ਕਰਮ ਸਾਧਨਾਂ ਵਿਚ ਲੀਨ ਰਹਿੰਦਾ ਹੈ। ਦੂਜੇ ਪਾਸੇ ਗਿਆਨ ਸਾਗਰ ਵਿਚ ਭਾਈ ਵੀਰ ਸਿੰਘ ਦੇ ਕਹਿਣ ਅਨੁਸਾਰ 'ਸਿਰ ਕਚਕੌਲ' ਨੂੰ ਬਿਗਾਨੇ ਦਰਾਂ ਦੇ ਟੁਕੜੇ ਮੰਗ ਕੇ ਭਰਦਿਆਂ ਸਵੈ ਨੂੰ ਗਿਆਨੀ ਸਮਝ ਲਿਆ ਜਾਂਦਾ ਹੈ। ....ਸੋ ਗਿਆਨ ਮਾਰਗ ਵੀ ਇਕ ਖੁਸ਼ਕੀਲਾ, ਲੰਮੇਰਾ ਤੇ ਬਿਖੜਾ ਪੈਂਡਾ ਹੈ ਜਿਸਦੀ ਲੰਬਾਈ ਮਾਪਦਿਆਂ ਮਨੁੱਖ ਹਉਂ ਦੇ ਝੱਖੜਾਂ ਦਾ ਸ਼ਿਕਾਰ ਬਣ ਜਾਏ, ਕੋਈ ਪਤਾ ਨਹੀਂ। ਹੁਣ ਤੀਸਰਾ ਰਸਤਾ ਹੈ ਭਗਤੀ ਮਾਰਗ ਦਾ।"[1]

ਭਗਤੀ ਹੀ ਇਕ ਅਜਿਹਾ ਸੁਗਮ ਮਾਰਗ ਹੈ, ਜਿਸ ਰਾਹੀਂ ਹੀ ਮਨੁੱਖ ਮੋਕਸ਼ ਪ੍ਰਾਪਤੀ ਕਰ ਸਕਦਾ ਹੈ। ਸ਼ਰਧਾ ਅਤੇ ਪ੍ਰੇਮ ਨਾਲ ਭਗਤੀ ਦਾ ਜਨਮ ਹੁੰਦਾ ਹੈ। ਭਗਤੀ ਦਾ ਸਥਾਨ ਮਾਨਵ ਹਿਰਦਾ ਹੈ। ਭਗਤੀ ਲਈ ਏਧਰ ਓਧਰ ਭਟਕਣਾ ਵਿਅਰਥ ਹੈ। ਕਿਉਂਕਿ ਇਹ ਜੋਤ ਮਾਨਵ ਦੇ ਹਿਰਦੇ ਅੰਦਰ ਹੀ ਪ੍ਰਕਾਸ਼ਮਾਨ ਹੁੰਦੀ ਹੈ। ਕਈ ਵਾਰ ਮਾਨਵ ਭਗਤੀ ਲਈ ਘਰ ਬਾਹਰ ਤਿਆਗ ਕੇ ਪ੍ਰਭੂ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਭਟਕਦਾ ਹੈ। ਪਰੰਤੂ ਜਦੋਂ ਸਾਡਾ ਹਿਰਦਾ ਉਸ ਪ੍ਰਭੂ ਦੇ ਲਈ ਸ਼ਰਧਾ ਅਤੇ ਪ੍ਰੇਮ ਨਾਲ ਭਰ ਜਾਂਦਾ ਹੈ ਤਾਂ ਇਸ ਸ਼ਰਧਾ ਅਤੇ ਪ੍ਰੇਮ ਦੇ ਸੁਮੇਲ ਤੋਂ ਹੀ ਭਗਤੀ ਦਾ ਜਨਮ ਹੁੰਦਾ ਹੈ।

ਭਗਤੀ ਰਹੱਸਵਾਦੀ ਪੱਧਰ 'ਤੇ ਪ੍ਰੇਮ ਅਤੇ ਉਪਾਸਨਾ ਹੈ। ਰਹੱਸਵਾਦੀ ਉਪਾਸਨਾ ਵਿਚ ਪੂਰਾ ਆਤਮ-ਸਮਰਪਣ ਹੁੰਦਾ ਹੈ। ਅਸੀਂ ਆਪਣੇ ਅਹੰਕਾਰ ਭਾਵ ਆਪਣੇ ਅੰਦਰੋਂ ਮੈਂ ਦਾ ਤਿਆਗ ਕਰਦੇ ਹੋਏ ਆਪਣੇ ਆਪੇ ਨੂੰ ਪਿਛੇ ਛੱਡਦੇ ਹੋਏ ਅਸੀਂ ਉਸ ਉੱਚ ਸਰਬ ਸ਼ਕਤੀਮਾਨ ਵੱਲ ਆਕਰਸ਼ਿਤ ਹੁੰਦੇ ਹਾਂ। ਸਾਡੀ ਆਤਮਾ ਆਪਣੇ ਆਪ ਨੂੰ ਉਸ ਪਰਮ ਪ੍ਰਭੂ ਦਾ ਇਕ ਹਿੱਸਾ ਅਨੁਭਵ ਕਰਦੀ ਹੈ ਅਤੇ ਅਸੀਂ ਪੂਰਨ ਰੂਪ ਵਿਚ ਆਨੰਦ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਾਂ। ਭਗਤੀ ਬਾਹਰੋਂ ਪ੍ਰਾਪਤ ਕੀਤਾ ਹੋਇਆ ਕੋਈ ਸਾਧਨ ਨਹੀਂ ਹੈ ਬਲਕਿ ਇਹ ਧੁਰ ਅੰਦਰੋਂ ਵਿਗਸਿਆ ਹੋਇਆ ਸਵੈ ਚਿੰਤਨ ਅਤੇ ਅਧਿਆਤਮਿਕ ਵਿਸ਼ਲੇਸ਼ਣ ਹੈ। ਮਨੁੱਖ ਜਦੋਂ ਸਵੈ ਤੋਂ ਉੱਪਰ ਉੱਠ ਜਾਂਦਾ ਹੈ ਤਾਂ ਅੰਤਰ ਆਤਮਾ ਵਿਚ ਵਸ ਰਹੀ ਅਪਾਰ ਜੋਤਿ ਨਾਲ ਇਕਸੁਰ ਹੋ ਕੇ ਵਿਸਮਾਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ।

"ਇਸ ਸਰੀਰ ਅਤੇ ਸੰਸਾਰ ਨੂੰ ਪਿੱਛੇ ਛੱਡਦੇ ਹੋਏ ਅਸੀਂ ਪਰਮਾਤਮਾ ਵੱਲ ਉੱਠਦੇ ਹਾਂ, ਸਾਡੀ ਅੰਤਰ ਆਤਮਾ ਆਪਣੇ ਆਪ ਨੂੰ ਪਰਮਾਤਮਾ ਦਾ ਹਿੱਸਾ ਅਨੁਭਵ ਕਰਦੀ ਹੈ ਅਤੇ ਅਸੀਂ ਪੂਰਵ ਸਰੂਰ ਅਤੇ ਆਨੰਦ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਾਂ।"[2]

---

[1] ਗਰੇਵਾਲ, ਸਵਰਨਜੀਤ ਕੌਰ (ਡਾ.), ਉੱਤਰੀ ਭਾਰਤ ਦੀਆਂ ਪ੍ਰਮੁੱਖ ਨਿਰਗੁਣ ਸੰਪ੍ਰਦਾਵਾਂ, ਪੰਨਾ 13.
[2] ਨਾਨਕ ਪ੍ਰਕਾਸ਼ ਪੱਤ੍ਰਿਕਾ-ਜੂਨ 1985, ਪੰਨਾ 181.

ਸ੍ਰੀ ਨਰਾਇਣ ਤੀਰਥ ਨੇ ਭਗਤਿ ਚੰਦ੍ਰਿਕਾ ਨਾਂ ਦੇ ਆਪਣੇ ਟੀਕੇ ਵਿਚ ਵਿਸ਼ਨੂੰ ਪੁਰਾਣ ਦਾ ਹਵਾਲਾ ਦਿੰਦਿਆਂ ਹੋਇਆ ਦੱਸਿਆ ਹੈ ਕਿ ਪ੍ਰੇਮ (ਪ੍ਰੀਤ) ਅਤੇ ਭਗਤੀ ਇਨ੍ਹਾਂ ਦੋਹਾਂ ਵਿਚ ਕੋਈ ਭੇਦ ਨਹੀਂ ਹੈ। ਆਪਣੇ ਸਿਖਰ ਉੱਤੇ ਪਹੁੰਚਿਆ ਭਗਵਾਨ ਪ੍ਰਤੀ ਪ੍ਰੇਮ (ਪ੍ਰੀਤ) ਭਗਤੀ ਹੈ।"[1]

ਅਧਿਆਤਮ ਖੇਤਰ ਵਿਚ ਮਾਨਵ ਦਾ ਮੁੱਖ ਲਕਸ਼ ਪ੍ਰਭੂ ਅਰਥਾਤ ਪਰਮ-ਪਦ ਦੀ ਪ੍ਰਾਪਤੀ ਕਰਨਾ ਹੈ। ਪਰਮ-ਪ੍ਰਭੂ ਦੀ ਪ੍ਰਾਪਤੀ ਲਈ ਉਸ ਪਰਮ-ਸੱਤਾ ਦੀ ਅਰਾਧਨਾ, ਉਪਾਸਨਾ ਜਾਂ ਭਗਤੀ ਹੀ ਮਨ ਚਿੱਤ ਦੀ ਇਕਾਗਰਤਾ ਅਤੇ ਇਕਸੁਰਤਾ ਦੀ ਸਥਿਤੀ ਪੈਦਾ ਕਰਦੀ ਹੈ। ਭਗਤੀ ਅਸਲ ਵਿਚ ਭਗਤ ਦਾ ਆਪਣੇ ਭਗਵਾਨ ਨਾਲ ਧਾਰਮਿਕ, ਅਧਿਆਤਮਿਕ ਪੱਧਰ ਤੇ ਇਕਮਿੱਕ ਹੋਣਾ ਹੈ।

"ਕਹੁ ਕਬੀਰ ਸੁਨਹੋ ਨਰ ਭਾਈ
ਰਾਮ ਨਾਮ ਬਿਨੁ ਕਿਨਿ ਗਤਿ ਪਾਈ।"

ਕਬੀਰ ਜੀ ਉਪਰੋਕਤ ਸਤਰਾਂ ਵਿਚ ਭਗਤੀ ਦੀ ਸ਼ਲਾਘਾ ਵਿਚ ਕਹਿ ਰਹੇ ਹਨ ਕਿ ਰਾਮ ਨਾਮ ਦੇ ਨਾਮ ਸਿਮਰਨ ਤੋਂ ਬਿਨਾਂ ਕਿਸੇ ਵੀ ਮਨੁੱਖ ਨੇ ਮੁਕਤੀ ਪ੍ਰਾਪਤ ਨਹੀਂ ਕੀਤੀ ਹੈ। ਭਗਤੀ ਤੋਂ ਬਿਨਾਂ ਮੁਕਤੀ ਸੰਭਵ ਨਹੀਂ ਹੈ। ਇਹ ਅਟੱਲ ਸਚਾਈ ਹੈ।

"ਸ਼ਰਧਾ ਅਤੇ ਪ੍ਰੇਮ ਵਿੱਚ ਮਨੁੱਖ ਦੇ ਦਿਲ ਵਿਚ ਇਕ ਐਸੀ ਸੰਯੁਕਤ ਭਾਵਨਾ ਦੀ ਸ੍ਰਿਸ਼ਟੀ ਹੁੰਦੀ ਹੈ ਜਿਸ ਨੂੰ ਭਗਤੀ ਦਾ ਨਾਮ ਦਿੱਤਾ ਜਾਂਦਾ ਹੈ।"[2]

ਮੂਲ ਤੱਤ ਬ੍ਰਹਮ ਦੇ ਦਰਸ਼ਨ ਅਰਥਾਤ ਆਤਮਾ ਦੀ ਸ਼ੁੱਧ ਸਰੂਪ ਵਿਚ ਸਥਿਤੀ ਲਈ ਸਾਧਕ ਇਕ ਚਿੱਤ ਹੋ ਕੇ ਪ੍ਰਭੂ ਦੀ ਭਗਤੀ ਵਿਚ ਲੀਨ ਹੁੰਦਾ ਹੈ। ਪ੍ਰਭੂ ਲਈ ਨਿਸ਼ਕਾਮ ਸੇਵਾ, ਸ਼ਰਧਾ, ਪ੍ਰੇਮ ਭਾਵਨਾ, ਧਿਆਨ ਅਤੇ ਸਨੇਹ ਦਾ ਪ੍ਰਗਟਾਵਾ ਮਾਨਵ ਦੀ ਭਗਤੀ ਭਾਵਨਾ ਨਾਲ ਹੈ।

"ਈਸ਼ਵਰ ਕੇ ਪ੍ਰਤੀ ਪ੍ਰੇਮ ਤਥਾ ਆਤਮ ਸਮਰਪਣ ਕੀ ਭਾਵਨਾ ਕੋ ਹੀ ਭਕਤੀ ਕਹਾ ਜਾਤਾ ਹੈ। ਈਸ਼ਵਰ ਮੇਂ ਅਨੁਰਕਤ ਹੀ ਭਕਤੀ ਹੈ। ਕੁਝ ਮਰਮਗਿਓਂ ਕਾ ਕਥਨ ਹੈ ਇਸਤਰੀ, ਪੁੱਤਰ, ਧਨ ਆਦਿ ਮੇਂ ਜਿਸ ਪ੍ਰਕਾਰ ਆਸਕ੍ਰਿਤ, ਮੋਹ, ਮਮਤਾ ਆਦਿ ਹੋਤੀ ਹੈ ਵਹੀ ਯਦੀ ਈਸ਼ਵਰ ਮੇਂ ਹੋ ਜਾਏ ਤੋ ਭਕਤੀ ਕਹਲਾਤੀ ਹੈ।"[3]

"ਪ੍ਰਮਾਤਮਾ ਨਾਲ ਗਹਿਰਾ ਪ੍ਰੇਮ, ਅੱਠੇ ਪਹਿਰ ਉਸ ਦੀ ਯਾਦ ਵਿਚ ਵਿਚਰਨਾ ਇਹ ਭਗਤੀ ਹੈ। ਭਗਤੀ ਦੀ ਵੱਡੀ ਨਿਸ਼ਾਨੀ ਇਹ ਹੈ ਕਿ ਵਾਹਿਗੁਰੂ ਦੇ ਪ੍ਰੇਮ ਦੇ ਮੁਕਾਬਲੇ ਤੇ ਸਾਰੇ ਦੁਨਿਆਵੀ ਪਿਆਰ ਫਿੱਕੇ ਲੱਗਣ। ਹਰ ਵੇਲੇ ਭਗਤੀ ਦੀ ਮਸਤੀ ਚੜ੍ਹੀ ਰਹੇ। ਇੱਥੋਂ ਤੱਕ ਕਿ ਆਪ ਹੀ ਵਾਹਿਗੁਰੂ ਦੀ ਯਾਦ ਵਿਚ ਗੁੰਮ ਹੋ ਜਾਵੇ, ਹੋਰ ਸਭ ਕੁਝ ਭੁੱਲ ਜਾਵੇ, ਹਰ ਥਾਈਂ ਇਕੋ ਸਾਂਈ ਹੀ ਨਜ਼ਰੀ ਪਵੇ ਜਿਵੇਂ ਹੀਰ ਨੂੰ ਰਾਂਝੇ ਤੋਂ ਬਿਨ੍ਹਾਂ ਅਤੇ ਮਜਨੂੰ ਨੂੰ ਲੈਲਾ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਸੀ ਦਿਸਦਾ। ਪ੍ਰੇਮ ਦਾ ਪ੍ਰਵਾਹ ਯਾਦ ਨਾਲ ਚਲਦਾ ਹੈ।

---

[1] ਨਰਾਇਣ, ਤੀਰਥ, ਸ੍ਰੀ, ਸਾਂਡਿਲਯ ਭਗਤੀ ਸੂਤਰ 1-1-2 ਭਗਤਿ ਚੰਦ੍ਰਿਕਾ, ਪੰਨਾ 6.
[2] ਬਲਦੇਵ ਕ੍ਰਿਸ਼ਨ ਐਮ.ਏ. (ਡਾ.), ਭਾਰਤੀਯ ਸੰਸਕ੍ਰਿਤੀ, ਪੰਨਾ 114.
[3] ਸਕਸੇਨਾ, ਰਾਕੇਸ਼ ਬਾਲਾ (ਡਾ.), ਮੱਧਕਾਲੀਨ ਵੈਸ਼ਣਵ ਸੰਪ੍ਰਦਾਇ ਵਿਚ ਸੰਗੀਤ, ਪੰਨਾ 2.

ਇਸ ਲਈ ਰਸਨਾ ਨਿਰੰਤਰ ਨਾਮ ਸਿਮਰਨ ਵਿਚ ਲੱਗੀ ਰਹੇ। ਬੁੱਲ ਫ਼ਰਕਦੇ ਹੀ ਰਹਿਣ, ਪਰ ਇਹ ਸਭ ਕੁਝ ਕਾਮਨਾ ਤੋਂ ਰਹਿਤ ਹੋਵੇ।"[1]

ਭਗਤੀ ਵਿਚ ਪ੍ਰੇਮ ਮੂਲ ਤੱਤ ਹੈ। ਭਗਤੀ ਰੂਪੀ ਮਹੱਲ ਦੀ ਪ੍ਰੇਮ ਹੀ ਦ੍ਰਿੜ ਨੀਂਹ ਹੈ। ਜੇਕਰ ਪ੍ਰਭੂ ਦੀ ਭਗਤੀ ਪ੍ਰੇਮ ਸਹਿਤ ਨਿਸ਼ਠਾ ਨਾਲ ਕੀਤੀ ਜਾਵੇ ਤਾਂ ਭਗਤੀ ਵਿਚ ਪਰਿਪੱਕਤਾ ਆਉਂਦੀ ਹੈ। ਜਦੋਂ ਭਗਤੀ ਪਰਿਪੱਕ ਹੋ ਜਾਂਦੀ ਹੈ ਤਾਂ ਜਿਵੇਂ ਪਾਣੀ ਦੀਆਂ ਲਹਿਰਾਂ ਸਮੁੰਦਰ ਵਿਚ ਜਾ ਕੇ ਸ਼ਾਂਤ ਹੋ ਕੇ ਸਮੁੰਦਰ ਦਾ ਹੀ ਹਿੱਸਾ ਬਣ ਜਾਂਦੀਆਂ ਹਨ, ਉਸੇ ਤਰ੍ਹਾਂ ਹੀ ਆਤਮਾ ਜੋ ਕਿ ਪ੍ਰਮਾਤਮਾ ਤੋਂ ਵਿਛੜੀ ਹੋਈ ਹੈ ਬ੍ਰਹਮ ਵਿਚ ਲੀਨ ਹੋ ਕੇ ਸਦਾ ਲਈ ਉਸੇ ਦਾ ਹੀ ਰੂਪ ਹੋ ਜਾਂਦੀ ਹੈ। ਪ੍ਰਭੂ ਭਗਤੀ ਦੇ ਪ੍ਰੇਮ ਵਿੱਚ ਕਿਸੇ ਤਰ੍ਹਾਂ ਦੀ ਕਾਮਨਾ ਨਹੀਂ ਹੋਣੀ ਚਾਹੀਦੀ ਤਾਂ ਹੀ ਮਨੁੱਖੀ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਭਾਵ ਆਤਮਾ ਦੀ ਪਰਮਾਤਮਾ ਵਿਚ ਲੀਨਤਾ ਹੋ ਸਕਦੀ ਹੈ। ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੀ ਭਗਤੀ ਦਾ ਸਿਖਰ ਹੈ।

"ਸਭਨਾ ਸਹੁਰੈ ਵੰਞਣਾ ਸਭ ਮੁਕਲਾਵਣਹਾਰ ॥
ਨਾਨਕ ਧੰਨੁ ਸੋਹਾਗਣੀ ਜਿਨ ਸਹੁ ਨਾਲਿ ਪਿਆਰ ॥"

ਭਾਵ ਜੋ ਜੀਵ ਆਤਮਾ ਆਪਣੇ ਪਿਆਰੇ ਦੇ ਰੰਗ ਵਿਚ ਰੰਗੀ ਜਾਂਦੀ ਹੈ ਉਸ ਦਾ ਹੀ ਪ੍ਰਭੂ ਦੇ ਨਾਲ ਮਿਲਾਪ ਹੁੰਦਾ ਹੈ। ਆਤਮਾ ਦਾ ਪ੍ਰਮਾਤਮਾ ਨਾਲ ਪ੍ਰਤੱਖ ਸੰਬੰਧ ਸਥਾਪਿਤ ਕਰਨ ਲਈ ਭਾਵੁਕ ਇਕਸੁਰਤਾ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਅਸਲ ਵਿਚ ਪ੍ਰਮਾਤਮਾ ਵਿਚ ਪੂਰਨ ਵਿਸ਼ਵਾਸ ਕਰਕੇ ਸੇਵਾ, ਸਿਮਰਨ, ਆਪੇ ਨੂੰ ਆਪਣੇ ਪ੍ਰਭੂ ਦੇ ਚਰਨਾਂ ਵਿਚ ਨਿਛਾਵਰ ਕਰਨਾ ਹੀ ਭਗਤੀ ਹੈ। "ਭਗਤੀ ਮੇਂ ਪ੍ਰੇਮ ਤੱਤਵ ਕਾ ਸਮਾਵੇਸ਼ ਕਰ ਉਨਹੋਨੇ ਉਸੇ ਔਰ ਭੀ ਸੁਸਹਾਇ ਏਵਮ ਸਦਰਸ਼ਵੀਏ ਸਵਰੂਪ ਪ੍ਰਦਾਨ ਕੀਆ।"[2] ਭਗਤੀ ਵਿਚ ਪ੍ਰੇਮ, ਨਿਸ਼ਠਾ, ਵਿਸ਼ਵਾਸ ਹੀ ਭਗਤੀ ਦਾ ਮੂਲ ਹੈ।

ਮਨ ਨੂੰ ਇਕਾਗਰ ਕਰਕੇ ਉਸ ਪ੍ਰਮਾਤਮਾ ਦਾ ਨਿਤਾਪ੍ਰਤੀ ਸਿਮਰਨ ਕਰਨ ਨਾਲ ਆਤਮਾ ਉਸ ਪ੍ਰਮਾਤਮਾ ਨਾਲ ਮੇਲ ਲਈ ਤੱਤਪਰ ਹੁੰਦੀ ਹੈ। ਉਸ ਪ੍ਰਮਾਤਮਾ ਦੇ ਮੇਲ ਲਈ ਸਾਧਕ ਪੂਜਾ, ਸਿਮਰਨ, ਕੀਰਤਨ ਆਦਿ ਨੂੰ ਮਾਧਿਅਮ ਬਣਾਉਂਦਾ ਹੈ। ਕੀਰਤਨ ਵਿਚ ਲੈਅ ਅਤੇ ਸਵਰ ਸਹਿਤ ਰਚਨਾ ਹੀ ਮਨ ਨੂੰ ਇਕਾਗਰ ਕਰਦੇ ਹੋਏ ਸਥਿਰਤਾ ਪ੍ਰਦਾਨ ਕਰਦੀ ਹੈ। ਭਗਤੀ ਸਾਧਨ ਦਾ ਸੰਗੀਤ ਹੀ ਸਭ ਤੋਂ ਸੁਗਮ ਮਾਰਗ ਹੈ।

"ਸੇਵਾ, ਪੂਜਾ, ਧਿਆਨ, ਨਾਮ ਸਿਮਰਨ ਲਿਵ ਇਉਂ ਸਭ ਭਗਤੀ ਦੇ ਅੰਗ ਹਨ। ਇਨ੍ਹਾਂ ਦਾ ਸੰਪ੍ਰਦਾਇ ਸੱਚੀ ਸ਼ਕਤੀ ਦਾ ਸੂਚਕ ਹੈ। ਇਸ ਸੱਚੀ ਸ਼ਕਤੀ ਲਈ ਭਗਤ ਹਮੇਸ਼ਾ ਪ੍ਰਮਾਤਮਾ ਤੋਂ ਝੋਲੀਆਂ ਅੱਡ ਕੇ ਖੈਰ ਮੰਗਦੇ ਹਨ।"

---

[1] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ-ਜੂਨ 1985, ਪੰਨਾ 5.
[2] ਨਗੇਂਦਰ (ਡਾ.) (ਸੰਪਾ.), ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ 139.

"ਤੇਰੀ ਪਨਹ ਖੁਦਾਇ ਤੂ ਬਖਸੰਦਗੀ
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ"[1]

## 1.1 ਭਗਤੀ

ਭਗਤੀ ਸ਼ਬਦ ਸੰਸਕ੍ਰਿਤ ਦੇ ਭਜ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਭਜਨਾ ਅਰਥਾਤ ਪ੍ਰਭੂ ਦੀ ਅਰਾਧਨਾ ਜਾਂ ਸੇਵਾ ਕਰਨਾ। ਭਾਈ ਕਾਨ੍ਹ ਸਿੰਘ ਨਾਭਾ ਨੇ ਭਗਤੀ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ। "ਭਗਤਿ ਸੰ. ਭਕਿ ਸੰਗਯਾ - ਵਿਭਾਗ, ਬਾਂਟ, ਤਕਸੀਮ। (2) ਸੇਵ ਉਪਾਸਨਾ (3) ਸ਼੍ਰੱਧਾ 'ਗੁਰੂ ਕੀ ਸੇਵਾ ਗੁਰਭਗਤਿ ਹੈ" ਭਗਤਿ ਹਰਿ ਕਾ ਪਿਆਰ ਹੈ।"[2]

"ਪਰਮੇਸ਼ਵਰ ਦੀ ਸੇਵਾ, ਪੂਜਾ ਗਿਆਨ, ਨਾਮ ਸਿਮਰਨ, ਲਿਵ ਵਿਚ ਰਹਿਣ ਵਾਲੀ ਮਨ ਦੀ ਭਾਵਨਾ। ਉਹ ਮਾਰਗ ਜਿਸ ਤੇ ਤੁਰਨ ਵਾਲੇ ਇਹ ਮੰਨਦੇ ਹਨ ਕਿ ਪਰਮੇਸ਼ਵਰ ਨੂੰ ਪਿਆਰ ਕਰਨਾ, ਆਪਾ ਭਾਵ ਨਾ ਰੱਖਣਾ, ਸਭ ਕੁਝ ਪਰਮੇਸ਼ਵਰ ਪਰਾਇਣ ਜਾਨਣਾ ਸਤਿ ਮਾਰਗ ਹੈ। ਭਗਤੀ ਮਾਰਗ ਵਿਚ ਪਰਮੇਸ਼ਵਰ ਨੂੰ ਮਾਲਕ, ਪਿਤਾ, ਮਾਤਾ, ਪਤੀ ਆਦਿ ਪ੍ਰੇਮ ਦੇ ਭਾਵਾਂ ਨਾਲ ਸੇਵਦੇ ਹਨ।"[3]

"ਸੰ. ਭਕਿ ਸੰਗਯਾ - ਵਿਭਾਗ, ਬਾਂਟ, ਤਕਸੀਮ।

ਸੇਵਾ, ਉਪਾਸਨਾ

"ਭਗਤੀ (ਨਾ.) ਪੂਜਾ, ਪ੍ਰਾਰਥਨਾ, ਉਪਾਸਨਾ, ਪ੍ਰੇਮ, ਧਿਆਨ।"[4]

"ਭਗਤੀ ਮੂਲ ਦਾ ਅਰਥ ਹੈ:- ਪ੍ਰੇਮ ਭਾਵ ਨਾਲ ਸੇਵਾ ਕਰਨਾ।"[5]

1. "ਕਿਸੇ ਦੇਵੀ ਦੇਵਤੇ ਜਾਂ ਰੱਬ ਵਿਚ ਹੋਣ ਵਾਲੀ ਸ਼ਰਧਾ।
2. ਕਿਸੇ ਬਜ਼ੁਰਗ ਲਈ ਹੋਣ ਵਾਲੀ ਸ਼ਰਧਾ ਜਾਂ ਆਦਰ।
3. ਭਜਨ ਬੰਦਗੀ
4. ਪੂਜਾ"[6]

"ਸਾਡੇ ਆਮ ਬੋਲਚਾਲ ਅੰਦਰ ਵਰਤੀਂਦਾ ਸ਼ਬਦ ਸੰਸਕ੍ਰਿਤ ਸਨਾਤਨੀ ਭਾਸ਼ਾ ਦੇ ਇਸਤਰੀ ਲਿੰਗ ਸ਼ਬਦ "ਭਕਤਿ" ਤੋਂ ਬਣਿਆ ਹੈ, ਜਿਸ ਦੇ ਅਰਥ ਹਿੰਦੀ ਸ਼ਬਦ ਕੋਸ਼ ਅਨੁਸਾਰ ਅਰਾਧਨਾ, ਸਿਮਰਨ, ਸੇਵਾ, ਸੇਵਨ, ਪੂਜਾ, ਸ਼ਰਧਾ, ਉਪਾਸਨਾ, ਅਨੁਰਾਗ, ਰਤਿ, ਪ੍ਰੇਮ, ਪਿਆਰ ਆਦਿ ਹਨ। --- ਇਸੇ ਤਰ੍ਹਾਂ ਫ਼ਾਰਸੀ ਅਤੇ ਅਰਬੀ ਬੋਲੀਆਂ ਅੰਦਰ ਭਗਤੀ ਨੂੰ ਬੰਦਗੀ, ਇਬਾਦਤ, ਖਿਦਮਤ, ਯਾਰੀ ਆਦਿ ਕਰਕੇ ਦਸਿਆ ਹੈ ਜਿਸ ਤੋਂ ਬੰਦਾ, ਬੰਦਗੀ, ਬੰਦਾ ਨਵਾਜ਼, ਆਬਦ, ਇਬਾਦਤ, ਮਅਬੂਦ, ਖਾਦਮ, ਖ਼ਿਦਮਤ, ਮਖਦੂਮ, ਯਾਰ, ਯਾਰੀ, ਯਾਵਰ ਜਾਂ ਯਾਰੜਾ (ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆ ਦਾ ਰਹਣਾ - ਗੁਰੂ ਗੋਬਿੰਦ ਸਿੰਘ ਜੀ) ਮਿਥਿਆ ਗਿਆ ਹੈ। ---ਇਨਸਾਨ ਦੇ ਆਮ ਜੀਵਨ ਅੰਦਰ ਵਰਤੇ ਸ਼ਬਦ

---

[1] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488.
[2] ਨਾਭਾ, ਭਾਈ ਕਾਨ੍ਹ ਸਿੰਘ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 675.
[3] ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ 498.
[4] ਬੱਦਨ, ਬਲਦੇਵ ਸਿੰਘ (ਡਾ.), ਨੈਸ਼ਨਲ ਪੰਜਾਬੀ ਕੋਸ਼, ਪੰਨਾ 431.
[5] ਪੰਜਾਬੀ ਦੁਨੀਆਂ, ਜੁਲਾਈ ਅੰਕ-1971, ਪੰਨਾ 125.
[6] ਪੰਜਾਬੀ ਕੋਸ਼, ਪੰਨਾ 501.

ਭਗਤੀ, ਸਿਮਰਨ, ਪੂਜਾ, ਯਾਦ, ਜ਼ਿਕਰ, ਬੰਦਗੀ, ਇਬਾਦਤ ਆਦਿ ਸਮਤੋਲ ਜਾਂ ਸਮਾਨਅਰਥਕ ਸ਼ਬਦ ਹਨ। "[1]

"ਭਗਤੀ ਸ਼ਬਦ 'ਭਜ' ਧਾਤੂ ਮੇਂ 'ਕਿਤਨ' ਪ੍ਰਤਯ ਲਗਾਨੇ ਸੇ ਬਨਾ ਹੈ--- ਭਜ ਧਾਤੂ ਕਾ ਅਰਥ ਹੈ 'ਸੇਵਾ ਕਰਨਾ' ਤਥਾ ਕਿਤਨ ਪ੍ਰਤਯ ਕਾ ਅਰਥ ਹੈ ਪ੍ਰੇਮ। ਧਾਤੂ ਔਰ ਪ੍ਰਤਯ ਕੇ ਯੋਗ ਸੇ ਹੀ ਏਕ ਸੰਪੂਰਨ ਅਰਥ ਕੀ ਅਭਿਵਿਅਕਤੀ ਹੋਤੀ ਹੈ। ਇਸ ਪ੍ਰਕਾਰ ਭਕਤੀ ਸ਼ਬਦ ਕਾ ਅਰਥ ਪ੍ਰੇਮ ਪੂਰਵਕ ਸੇਵਾ ਕਰਨਾ ਹੋ ਸਕਤਾ ਹੈ। "[2]

ਨਾਰਦੀਏ ਭਗਤੀ ਸੂਤਰ ਵਿਚ ਭਗਤੀ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ:-

''सा त्वस्मिन् परमप्रेमरुपा''।[3]

ਅਰਥਾਤ ਪ੍ਰਮਾਤਮਾ ਦੇ ਪ੍ਰਤੀ ਗੂੜ ਪ੍ਰੇਮ ਹੀ ਭਗਤੀ ਹੈ। ਇਸ ਪ੍ਰੇਮ ਵਿਚ ਕਿਸੇ ਤਰ੍ਹਾਂ ਦੀ ਦੁਨਿਆਵੀ ਕਾਮਨਾ ਨਹੀਂ ਹੁੰਦੀ। ਭਗਤ ਪ੍ਰਭੂ ਅਰਾਧਨਾ ਵਿਚ ਇਸ ਤਰ੍ਹਾਂ ਭਾਵ ਵਿਭੋਰ ਹੋ ਜਾਂਦਾ ਹੈ ਕਿ ਉਹ ਸੰਸਾਰਿਕ ਲੋਭ-ਮੋਹ ਤੋਂ ਉੱਪਰ ਉੱਠ ਜਾਂਦਾ ਹੈ ਤੇ ਮਨ ਵਿਚ ਸੱਚੀ ਸ਼ਰਧਾ ਤੇ ਲਗਨ ਦੇ ਕਾਰਨ ਪਰਮ ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ।

"ਸ਼ਰਧਾ ਔਰ ਪ੍ਰੇਮਪੂਰਵਕ ਇਸ਼ਟਦੇਵ ਕੇ ਪ੍ਰਤੀ ਆਸ਼ਕਤ ਭਕਤੀ ਕਹਲਾਤੀ ਹੈ। ਪ੍ਰਾਚੀਨ ਆਚਾਰਿਓਂ ਨੇ ਇਸੇ ਕਈ ਨਾਮ ਦਿਏ ਹੈਂ। ਪੂਜਾ ਮੇਂ ਅਨੁਰਾਗ ਕੋ ਭਕਤੀ ਕਹਾ ਗਆ ਹੈ। ਕਥਾ ਸੁਨਨੇ ਮੇਂ ਹੀ ਅਨੁਰਾਗ ਭੀ ਭਕਤੀ ਹੈ। "[4]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਦੇ ਮਹਾਤਮ ਨੂੰ ਭਵ-ਸਾਗਰ ਪਾਰ ਕਰਨ ਵਾਲਾ ਦੱਸਿਆ ਹੈ।

"ਭਗਤੀ ਭਾਇ ਤਰੀਐ ਸੰਸਾਰ"[5]

ਕੇਂਦਰੀਏ ਹਿੰਦੀ ਨਿਰਦੇਸ਼ਾਲਯ ਨੇ ਭਗਤੀ ਦੀ ਪ੍ਰੀਭਾਸ਼ਾ ਵਿਚ ਲਿਖਿਆ ਹੈ, "ਧਾਰਮਿਕ ਸ਼ੇਤਰ ਮੇਂ ਅਰਾਧਅ, ਈਸ਼ਵਰ, ਦੇਵਤਾ ਆਦਿ ਕੇ ਪ੍ਰਤੀ ਹੋਨੇ ਵਾਲਾ ਸ਼ਰਧਾਪੂਰਣ ਅਨੁਰਾਗ ਜਿਸਕੇ ਫਲ ਸਰੂਪ ਵਹ ਸਦਾ ਉਸਕਾ ਅਨੁਯਾਈ ਰਹਤਾ ਹੈ ਔਰ ਅਪਨੇ ਆਪਕੋ ਉਸਕਾ ਵਸ਼ਵਰਤੀ ਮਾਨਤਾ ਹੈ।"[6] ਸਾਰੇ ਸ਼ਾਬਦਿਕ ਅਰਥਾਂ ਦੇ ਸਮਝਣ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਭਗਤੀ ਮਾਨਵ ਨੇ ਚਾਹੇ ਸੁੱਖ ਸਮਰਿੱਧੀ ਲਈ ਜਾਂ ਭੈਅ ਵੱਸ ਕੀਤੀ ਪਰੰਤੂ ਭਗਤੀ ਦੇ ਲਈ ਸ਼ਰਧਾ ਤੇ ਵਿਸ਼ਵਾਸ ਜ਼ਰੂਰੀ ਤੱਤ ਹਨ। ਇਹੀ ਸ਼ਰਧਾ ਅਤੇ ਵਿਸ਼ਵਾਸ ਨੇ ਹੀ ਮਨੁੱਖ ਦਾ ਆਪਣੇ ਇਸ਼ਟ ਪ੍ਰਤੀ ਡੂੰਘਾ ਪ੍ਰੇਮ ਉਜਾਗਰ ਕੀਤਾ। ਆਦਿ ਮਾਨਵ ਆਪਣੇ ਹਰ ਦੁੱਖ-ਸੁੱਖ ਵਿਚ ਉਸੇ ਪ੍ਰਮਾਤਮਾ ਦਾ ਧਿਆਨ ਕਰਦਾ ਅਤੇ ਸੁਖੀ ਜੀਵਨ ਜਾਪਨ ਲਈ ਈਸ਼ਵਰ ਦੀ ਭਗਤੀ ਕਰਦਾ। ਇਹੀ ਭਗਤੀ ਧਰਮ ਦਾ ਮੂਲ ਬਣੀ।

---

[1] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ - ਜੂਨ 1985, ਪੰਨਾ 127.
[2] ਸਕਸੇਨਾ, ਰਾਕੇਸ਼ ਬਾਲਾ (ਡਾ.), ਮਧਯੁਗੀਨ ਵੈਸ਼ਣਵ ਸਪਰਦਾਓਂ ਮੇਂ ਸੰਗੀਤ, ਪੰਨੇ 2-3.
[3] ਨਾਰਦੀਏ ਭਕਤੀਸੂਤਰ, ਸੂਤਰ - 2.
[4] ਪ੍ਰਵਰਤੀਏ, ਲੀਲਾਧਰ ਸ਼ਰਮਾ, ਭਾਰਤੀਏ ਸੰਸਕ੍ਰਿਤ ਕੋਸ਼, ਪੰਨਾ 625.
[5] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 290.
[6] ਕੇਂਦਰੀਏ ਹਿੰਦੀ ਨਿਰਦੇਸ਼ਾਲਯ, ਹਿੰਦੀ-ਪੰਜਾਬੀ-ਅੰਗਰੇਜ਼ੀ ਤ੍ਰਿਭਾਸ਼ਾ ਕੋਸ਼, ਪੰਨਾ 2.

## 1.2 ਧਰਮ

ਭਾਰਤੀ ਸੰਸਕ੍ਰਿਤੀ ਦਾ ਵਿਸ਼ਾਲ ਮਹੱਲ ਧਰਮ ਰੂਪੀ ਨੀਂਹ 'ਤੇ ਹੀ ਖੜ੍ਹਾ ਹੈ। ਸਾਡੀ ਸੰਸਕ੍ਰਿਤੀ ਦਾ ਕੋਈ ਵੀ ਪੱਖ ਧਰਮ ਦੇ ਪ੍ਰਭਾਵ ਤੋਂ ਅਛੂਤਾ ਨਹੀਂ ਹੈ। ਜਿਸ ਪ੍ਰਕਾਰ ਸੰਸਕ੍ਰਿਤੀ ਇਤਿਹਾਸ ਦਾ ਦਰਪਣ ਹੈ, ਉਸੇ ਪ੍ਰਕਾਰ ਕਲਾ ਸੰਸਕ੍ਰਿਤੀ ਦਾ ਅਤੇ ਧਰਮ ਉਹਨਾ ਸਭ ਦਾ ਸੰਰਕਸ਼ਕ ਹੈ। ਮਨੁੱਖੀ ਜੀਵਨ ਨਾਲ ਧਰਮ ਦਾ ਸੰਬੰਧ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਮਨੁੱਖ ਸ਼ੁਰੂ ਤੋਂ ਹੀ ਸੁੱਖ ਅਤੇ ਆਨੰਦ ਦੀ ਨਿਰੰਤਰ ਖੋਜ ਵਿਚ ਲੱਗਿਆ ਰਿਹਾ ਹੈ। ਇਹੀ ਮਨੁੱਖੀ ਜੀਵਨ ਦੇ ਵਿਕਾਸ-ਕ੍ਰਮ ਦੀ ਕਹਾਣੀ ਹੈ। ਮਨੁੱਖ ਨੇ ਅਨੇਕ ਜੀਵਨ ਮੁੱਲਾਂ ਅਤੇ ਸਮਾਜਿਕ ਵਿਵਸਥਾਵਾਂ ਸਥਾਪਿਤ ਕੀਤੀਆਂ ਜਿਸ ਨਾਲ ਉਹ ਸੁਖੀ ਹੋ ਸਕੇ। ਇਨ੍ਹਾਂ ਸੁੱਖਾਂ ਦੀ ਪ੍ਰਾਪਤੀ ਦੇ ਲਈ ਮਨੁੱਖ ਨੇ ਅਨੇਕ ਵਿਚਾਰ ਧਾਰਾਵਾਂ ਅਤੇ ਧਰਮ ਸੰਪਰਦਾਵਾਂ ਦਾ ਨਿਰਮਾਣ ਕੀਤਾ, ਜਿਸ ਨਾਲ ਉਹ ਸੁਖ ਅਤੇ ਸ਼ਾਂਤੀ ਦੇ ਰਾਹਾਂ ਦੀ ਪਹਿਚਾਣ ਕਰ ਸਕੇ। ਕੁਦਰਤੀ ਸ਼ਕਤੀਆਂ ਦੀ ਉਪਾਸਨਾ ਨੂੰ ਹੀ ਉਦੋਂ ਧਰਮ ਕਿਹਾ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਧਰਮ ਨੂੰ ਸਮਝਾਉਂਦੇ ਹੋਏ ਲਿਖਦੇ ਹਨ ਕਿ "ਪਵਿੱਤਰ ਨਿਯਮ, ਸ਼ੁਭ ਕਰਮ, ਮਜ਼ਹਬ ਦੀਨ ਤੇ ਫ਼ਰਜ ਆਦਿ ਦੱਸੇ ਹਨ।"[1]

ਧਰਮ ਨੂੰ ਅਜਿਹੀ ਸ਼ਕਤੀ ਮੰਨਿਆ ਗਿਆ ਹੈ ਜਿਹੜੀ ਸ਼ਕਤੀ ਪ੍ਰਕ੍ਰਿਤੀ ਅਤੇ ਮਨੁੱਖੀ ਜੀਵਨ ਦਾ ਨਿਰਦੇਸ਼ਨ ਕਰਦੀ ਹੈ।

ਮਨੁੱਖ ਦੇ ਚਿੰਤਨ ਮਨਨ ਨੇ ਮਨੁੱਖ ਦੇ ਮਨ ਵਿਚ ਪ੍ਰਕ੍ਰਿਤੀ, ਆਕਾਸ਼, ਰੁੱਤਾਂ, ਪਸ਼ੂ-ਪੰਛੀਆਂ ਆਦਿ ਦੇ ਸੰਬੰਧ ਵਿਚ ਕਈ ਸਵਾਲ ਪੈਦਾ ਕੀਤੇ। ਉਸ ਦੇ ਮਨ ਵਿਚ ਇਹ ਵਿਚਾਰ ਬਾਰ-ਬਾਰ ਆਉਂਦੇ ਸਨ ਕਿ ਇਹ ਦਿਨ-ਰਾਤ, ਰੁੱਤਾਂ ਨੇ ਕਿਵੇਂ ਇਕ ਨਿਸ਼ਚਿਤ ਕਰਮ ਧਾਰਣ ਕੀਤਾ ਹੈ। ਇਸ ਧਰਤੀ ਤੇ ਜੋ ਕੁਝ ਵੀ ਵਾਪਰ ਰਿਹਾ ਸੀ ਇਹ ਸਭ ਦੇਖ ਕੇ ਉਹ ਹੈਰਾਨ ਸੀ ਅਤੇ ਉਸਦੇ ਮਨ ਵਿਚ ਇਹ ਸਵਾਲ ਬਾਰ-ਬਾਰ ਉੱਠ ਰਹੇ ਸਨ ਕਿ ਇਸ ਸਭ ਦੇ ਪਿੱਛੇ ਕਿਸੇ ਅਦਭੁਤ ਜਾਂ ਤੇਜਸਵੀ ਸ਼ਕਤੀ ਦਾ ਹੱਥ ਹੈ। ਇਸੇ ਤੇਜਸਵੀ ਸ਼ਕਤੀ ਨੂੰ ਖੁਸ਼ ਕਰਨ ਲਈ ਮਨੁੱਖ ਨੇ ਇਸ ਦੀ ਉਪਾਸਨਾ ਕੀਤੀ ਜੋ ਕਿ ਧਰਮ ਦਾ ਮੂਲ ਬਣੀ।

"ਧਰਮ ਜਾਂ ਮਜ਼ਹਬ ਸਿਰਫ ਮਾਨਵੀ ਸਭਿਅਤਾ ਦਾ ਹੀ ਵਿਸ਼ੇਸ਼ ਅੰਗ ਹੈ। ਖ਼ੁਦਾ ਜਾਂ ਈਸ਼ਵਰ ਦੇ ਸੰਕਲਪ ਸੰਬੰਧੀ ਜੇ ਵਿਚਾਰ ਕਰੀਏ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਅਤਿਅੰਤ ਪ੍ਰਾਚੀਨ ਕਾਲ ਵਿਚ ਜਦੋਂ ਇਨਸਾਨ ਦਾ ਗਿਆਨ ਸੀਮਤ ਅਤੇ ਸੁਅਲਪ ਸੀ ਤਾਂ ਉਹ ਪ੍ਰਕ੍ਰਿਤੀ ਦੀ ਵਿਸ਼ਾਲਤਾ ਅਤੇ ਕਈ ਵਾਰੀ ਗੰਭੀਰ ਘਟਨਾਵਾਂ ਦੀ ਵਿਕਰਾਲਤਾ ਤੋਂ ਡਰ ਕੇ ਕਿਸੇ ਸਹਾਇਕ ਅਤੇ ਰੱਖਣਹਾਰ ਸ਼ਕਤੀ ਦਾ ਧਿਆਨ ਕਰਨ ਲੱਗਾ।"[2]

"ਧਰਮ ਮਨੁੱਖ ਦੀ ਅਧਿਆਤਮਿਕ ਅਨੁਭੂਤੀ ਹੈ ਅਤੇ ਧਰਮ ਦਾ ਆਧਾਰ ਵਿਅਕਤੀ ਦੀ ਆਪਣੀ ਸੋਚ ਵਿਚਾਰ ਅਤੇ ਸੁਭਾਅ ਹੈ। ਇਹ ਸੋਚ ਡਰ ਜਾਂ ਪਿਆਰ ਦੋ ਤਰ੍ਹਾਂ ਨਾਲ ਹੋ ਸਕਦੀ ਹੈ।"[3]

---

[1] ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 662.
[2] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 9.
[3] ਉਹੀ, ਪੰਨਾ 9.

ਧਰਮ ਇਕ ਵਿਸ਼ਵਾਸ ਹੈ, ਉਸ ਸਰਵ ਸ਼ਕਤੀਮਾਨ ਪ੍ਰਭੂ ਉੱਪਰ, ਇਕ ਭਾਵਨਾ ਹੈ ਅਤੇ ਸੰਕਲਪ ਦੀ ਵਿਵਹਾਰਿਕ ਕਿਰਿਆ ਹੈ ਅਤੇ ਧਰਮ ਭਾਵਨਾ, ਬੁੱਧੀ ਅਤੇ ਕਿਰਿਆ ਦਾ ਸੁਮੇਲ ਹੈ। ਕਿਸੇ ਵੀ ਆਦਰਸ਼ ਸਮਾਜ ਦਾ ਮੂਲ ਆਧਾਰ ਧਰਮ ਹੀ ਹੁੰਦਾ ਹੈ।

ਧਰਮ ਦੀ ਪਰਿਕਲਪਨਾ ਓਨੀ ਹੀ ਪੁਰਾਤਨ ਹੈ ਜਿਨੀ ਕਿ ਸਾਡੀ ਮਾਨਵ ਜਾਤੀ। "ਸੁਖਾਵੇਂ ਜੀਵਨ ਲਈ ਰੁਕਾਵਟਾਂ ਦੇ ਬਣੇ ਪ੍ਰਤੀਕ ਸੂਰਜ, ਚੰਦ, ਮੰਗਲ, ਬੁੱਧ, ਬ੍ਰਹਿਸਪਤ, ਸ਼ੁਕਰ, ਸ਼ਨੀ, ਰਾਹੂ, ਕੇਤੂ ਆਦਿ ਗ੍ਰਹਿਆਂ ਨੂੰ ਸ਼ਾਂਤ ਕਰਨ ਜਾਂ ਖੁਸ਼ ਕਰਨ ਲਈ ਦਾਨ-ਪੁੰਨ ਵੀ ਕਰਦੇ ਰਹਿੰਦੇ ਸਨ।"[1]

ਅਸੀਂ ਦੇਖਦੇ ਹਾਂ ਕਿ ਮਨੁੱਖੀ ਜੀਵਨ ਦਾ ਹਰ ਪਹਿਲੂ ਧਰਮ ਨਾਲ ਜੁੜਿਆ ਹੋਇਆ ਹੈ। ਵੇਦਾਂ ਵਿਚ ਕਿਹਾ ਗਿਆ ਹੈ ਕਿ "धर्मों विवस्थ जात प्रतिष्ठा" ਭਾਵ ਧਰਮ ਦੇ ਸਹਾਰੇ ਹੀ ਹਰੇਕ ਪਦਾਰਥ ਦੀ ਸੱਤਾ ਸਥਿਰ ਹੈ। ਧਰਮ ਪੰਜਾਬੀ ਜੀਵਨ ਵਿਚ ਏਨਾ ਰਚ-ਮਿਚ ਗਿਆ ਹੈ ਕਿ ਇਸਦਾ ਪ੍ਰਭਾਵ ਜੀਵਨ ਦੇ ਰੋਜ਼ਮਰਾ ਨਿੱਕੇ ਤੋਂ ਲੈ ਕੇ ਵੱਡੇ ਕਾਰਜਾਂ ਉੱਤੇ ਪ੍ਰਤੱਖ ਹੈ। ਕਿਸੇ ਵੀ ਕਾਰਜ ਦਾ ਸ਼ੁਭ ਆਰੰਭ ਧਾਰਮਿਕ ਰਹਿਤ-ਮਰਿਆਦਾ ਅਨੁਸਾਰ ਹੀ ਕੀਤਾ ਜਾਂਦਾ ਹੈ।

### 1.2.1 ਧਰਮ ਦਾ ਸ਼ਾਬਦਿਕ ਅਰਥ

ਧਰਮ ਸ਼ਬਦ ਅੰਗਰੇਜ਼ੀ ਦੇ ਸ਼ਬਦ Religion ਦਾ ਪ੍ਰਾਇਵਾਚੀ ਹੈ। Religion ਤੋਂ ਭਾਵ ਕੁਝ ਆਲੌਕਿਕ ਵਿਸ਼ਵਾਸ ਅਤੇ ਅਧਿਪ੍ਰਾਕ੍ਰਿਤਕ ਸ਼ਕਤੀਆਂ ਹਨ। ਪਰ ਅਸਲ ਵਿਚ ਧਰਮ ਆਲੌਕਿਕ ਵਿਸ਼ਵਾਸ ਜਾਂ ਸ਼ਕਤੀਆਂ ਹੀ ਨਹੀਂ ਬਲਕਿ ਇਹ ਜੀਵਨ ਦੀ ਇਕ ਜਾਚ (ਵਿਧੀ) ਹੈ ਜੋ ਵਿਅਕਤੀ ਨੂੰ ਉਸਦੇ ਵਾਸਤਵਿਕ ਕਰਤੱਵ ਦਾ ਬੋਧ ਕਰਾਉਂਦੀ ਹੈ।

ਧਰਮ ਸ਼ਬਦ ਧ੍ਰੀ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ- ਧਾਰਣ ਕਰਨਾ ਜਾਂ ਬਣਾਈ ਰੱਖਣਾ। ਭਾਵ ਜੋ ਤੱਤ ਸੰਪੂਰਨ ਸੰਸਾਰ ਦੇ ਜੀਵਨ ਨੂੰ ਧਾਰਣ ਕਰਦਾ ਹੋਵੇ, ਜਿਸਦੇ ਬਿਨ੍ਹਾਂ ਸੰਸਾਰ ਵਿਚ ਵਿਅਕਤੀ ਦੀ ਅਵਸਥਿਤੀ ਸੰਭਵ ਨਾ ਹੋਵੇ ਉਹੀ ਧਰਮ ਹੈ।

ਮਹਾਂਭਾਰਤ ਵਿਚ ਧਰਮ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ। ਧਰਮ ਸੰ. ਧਰਮ ਸੰਗਯਾ - ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼੍ਵ ਹੈ। ਉਹ ਪਵਿਤ੍ਰ ਨਿਯਮ "ਸਭ ਕੁਝ ਉਧਰੀ ਇਕ ਨਾਮ ਧਰਮ" ਸਵੱਯੇ ਸ੍ਰੀ ਮੁਖਵਾਕ ਮ: 5) ਸੁਭ ਕਰਮ, "ਨਹਿ ਬਿਲੰਬ ਧਰਮੰ, ਬਿਲੰਬ ਪਾਪੰ" (ਸਹਸ ਮ: 5) "ਸਾਧ ਕੈ ਸੰਗਿ ਦ੍ਰਿੜੇ ਸਭ ਧਰਮ" (ਸੁਖਮਨੀ) ਸਾਧੂ ਦੇ ਸੰਗ ਤੋਂ ਜੋ ਦ੍ਰਿੜ ਕਰਦਾ ਹੈ, ਉਹ ਸਭ ਧਰਮ ਹੈ। ਮਜਹਬ, ਦੀਨ, "ਸੰਤ ਕਾ ਮਾਰਗ ਧਰਮ ਕੀ ਪੇੜੀ (ਸੋਰ ਮ: 5)। "[2]

ਮਹਾਂਭਾਰਤ ਵਿਚ ਲਿਖਿਆ ਹੈ :-

"धारणाद् धर्म मित्याहुर्धर्मो धारयते प्रजाः।
यत् स्याद्धरणसंयुक्त स धर्म इति निश्चयः।।" — महाभारत कर्ण 69/57.

[1] ਦੁਸਾਂਝ, ਕੁਲਦੀਪ ਕੌਰ, ਪੰਜਾਬੀ ਸੂਫ਼ੀ ਕਾਵਿ ਦਾ ਸਭਿਆਚਾਰਕ ਅਧਿਐਨ, ਪੰਨਾ 35.
[2] ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪੰਨਾ 662.

ਅਰਥਾਤ ਧਾਰਣ ਕਰਨ ਕਰਕੇ ਲੋਗ ਇਸ ਨੂੰ ਧਰਮ ਕਹਿੰਦੇ ਹਨ, ਧਰਮ ਪ੍ਰਜਾ ਨੂੰ ਧਾਰਣ ਕਰਦਾ ਹੈ। ਜੋ ਧਾਰਣ ਦੇ ਨਾਲ ਰਹੇ ਉਹ ਧਰਮ ਹੈ, ਇਹ ਨਿਸ਼ਚਤ ਹੈ।

"ਧਰਮ ਉਹ ਹੈ ਜਿਸ ਨਾਲ ਮਨੁੱਖ ਨੂੰ ਲੌਕਿਕ ਉਨਤੀ ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਮਨੁੱਖੀ ਭਾਵਾਂ ਨਾਲ ਬੜਾ ਗੂੜਾ ਸੰਬੰਧ ਹੈ। ਇਸ ਨਾਲ ਮਨੁੱਖ ਮਨੁੱਖੀ ਗੁਣਾਂ ਨਾਲ ਪਰਿਪੂਰਣ ਹੁੰਦਾ ਹੈ। ਧਰਮ ਨੇ ਮਾਨਵ ਜੀਵਨ ਨੂੰ ਬੜੇ ਵਿਆਪਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ।"[1]

ਧਰਮ ਇਕ ਅਜਿਹਾ ਅਨੁਭਵ ਹੈ ਜੋ ਸਾਡੇ ਅਸਤਿੱਤਵ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਤੋਂ ਭਾਵ ਹੈ ਮਨੁੱਖ ਦੀ ਰੱਬ ਪ੍ਰਤੀ ਵਫ਼ਾਦਾਰੀ ਤੇ ਉਸ ਉੱਚਤਮ ਰੱਬੀ ਹੋਂਦ ਦਾ ਅਨੁਭਵ ਤੇ ਉਸ ਵਿਚ ਪੂਰਾ ਵਿਸ਼ਵਾਸ। ਧਰਮ ਦਾ ਲਕਸ਼ ਹੈ ਮਨੁੱਖ ਨੂੰ ਸੱਚਾ ਮਾਰਗ ਦਿਖਾ ਕੇ ਉਸਦੀ ਸੰਸਾਰਿਕ ਅਤੇ ਅਧਿਆਤਮਿਕ ਉੱਨਤੀ ਕਰਨਾ ਹੈ। ਧਰਮ ਦਾ ਮੁੱਖ ਉਦੇਸ਼ ਮਾਨਵ ਜਾਤੀ ਦਾ ਕਲਿਆਣ ਕਰਨਾ ਹੈ। ਭਾਰਤੀ ਵਿਚਾਰਧਾਰਾ ਵਿਚ ਧਰਮ ਦਾ ਸਥਾਨ ਸਭ ਤੋਂ ਉੱਚ ਹੈ। ਧਰਮ ਮਨੁੱਖ ਦੀ ਅਧਿਆਤਮਿਕ ਅਨੁਭੂਤੀ ਹੈ। ਅਧਿਆਤਮਿਕ ਅਨੁਭੂਤੀ ਰਹੱਸਮਈ ਸੱਚ ਦੀ ਅਨੁਭੂਤੀ ਹੈ। ਇਹ ਰਹੱਸ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ।

ਹਰੇਕ ਧਰਮ ਧਾਰਮਿਕ ਅਨੁਭੂਤੀ ਨਾਲ ਆਰੰਭ ਹੁੰਦਾ ਹੈ, ਜੋ ਗੁਰੂ ਦੇ ਲਈ ਅਨੁਭਵ ਅਤੇ ਸ਼ਾਗਿਰਦ ਦੇ ਲਈ ਵਿਸ਼ਵਾਸ ਹੁੰਦਾ ਹੈ। ਇਨਸਾਨ ਹੀ ਇਕ ਅਜਿਹੀ ਹਸਤੀ ਹੈ ਜੋ ਸਾਰੀ ਕਾਇਨਾਤ ਵਿਚ ਵਿਸ਼ੇਸ਼ ਅਤੇ ਵਿਲੱਖਣ ਹੈ। ਇਨਸਾਨ ਨੂੰ ਜਿਹੜੀ ਵਿਲੱਖਣਾ ਉੱਤਮਤਾ ਦੇ ਦਰਜੇ ਤੱਕ ਪਹੁੰਚਾਉਂਦੀ ਹੈ ਉਹ ਹੈ ਇਲਾਹੀ ਸਿਫ਼ਤਾਂ ਦੀ ਜੋਤ ਅਤੇ ਇਹ ਇਲਾਹੀ ਸਿਫ਼ਤਾਂ ਹੀ ਧਰਮ ਦਾ ਮੂਲ ਬਣਦੀਆਂ ਹਨ।

ਭਗਵਤ ਗੀਤਾ ਵਿਚ ਲਿਖਿਆ ਹੈ ਕਿ ਵੇਦਾਂ ਵਿਚੋਂ ਜੋ ਕੁਝ ਕਿਹਾ ਗਿਆ ਹੈ ਉਹ ਧਰਮ ਹੈ। ਬਾਕੀ ਅਧਰਮ ਹੈ।

ਧਰਮ ਵਿਅਕਤੀ ਦੀ ਐਸੀ ਉੱਚਤਰ ਅਦ੍ਰਿਸ਼ ਸ਼ਕਤੀ ਤੇ ਆਸਥਾ ਹੈ, ਜੋ ਉਸਦੇ ਭਵਿੱਖ ਤੇ ਨਿਯੰਤਰ ਕਰਦੀ ਹੈ ਅਤੇ ਜੋ ਉਸਦੀ ਆਗਿਆਕਾਰਿਤਾ, ਸ਼ੀਲਤਾ, ਸਨਮਾਨ ਅਤੇ ਅਰਾਧਨਾ ਦਾ ਵਿਸ਼ਾ ਹੈ।

ਧਰਮ ਇਕ ਵਿਸ਼ਵਾਸ ਹੈ, ਇਕ ਭਾਵਨਾ ਹੈ ਅਤੇ ਸੰਕਲਪ ਦੀ ਵਿਵਹਾਰਿਕ ਕਿਰਿਆ ਹੈ। ਧਰਮ ਭਾਵਨਾ, ਬੁੱਧੀ ਅਤੇ ਕਿਰਿਆ ਦਾ ਸੁਮੇਲ ਹੈ।

"ਸਭ ਧਰਮ ਸੀਮਤ ਮਨ ਰਾਹੀਂ ਅਸੀਮ ਬ੍ਰਹਮ ਨੂੰ ਅਨੁਭਵ ਕਰਨ ਦੇ ਯਤਨ ਹਨ। ਇਹ ਉਤਨਾ ਚਿਰ ਹੀ ਮਹੱਤਵਪੂਰਨ ਹਨ ਜਦ ਤੱਕ ਇਹ ਸਾਨੂੰ ਆਪਣੀ ਅੰਤਿਮ ਮੰਜਿਲ ਤੱਕ ਪਹੁੰਚਣ ਲਈ ਸਹਾਈ ਹੁੰਦੇ ਹਨ। ਇਹ ਭਿੰਨ-ਭਿੰਨ ਇਸ ਲਈ ਹਨ ਕਿ ਇਹ ਵੱਖੋ ਵੱਖ ਕੌਮਾਂ, ਨਸਲਾਂ, ਪ੍ਰਕਿਰਤੀਆਂ ਦੇ ਇਤਿਹਾਸ ਵਿਚ ਢਾਲੇ ਗਏ ਹਨ। ਸਭ ਧਰਮ ਵੱਖੋ-ਵੱਖ ਤਜ਼ਰਬੇ ਹਨ।"[2] ਹਰ ਦੇਸ ਵਿਚ ਧਰਮ ਚਾਹੇ ਅਲੱਗ-ਅਲੱਗ ਹਨ ਪਰ ਸਭ ਧਰਮਾਂ ਦਾ ਸਾਂਝਾ ਮਨੋਰਥ ਹੈ ਆਤਮਕ ਜੀਵਨ। ਧਰਮ ਦੇ ਆਦਰਸ਼ ਭਿੰਨ-ਭਿੰਨ ਨਹੀਂ ਹਨ, ਪਰ ਉਨ੍ਹਾਂ ਵਿਚ ਫ਼ਰਕ ਇਸ ਗੱਲ ਦਾ ਹੈ ਕਿ ਉਹ ਆਪਣੀ-ਆਪਣੀ ਰੋਸ਼ਨੀ ਅਨੁਸਾਰ,

---

[1] ਭੱਲਾ, ਜਸਬੀਰ ਸਿੰਘ (ਡਾ.), ਧਰਮ ਅਤੇ ਸਮਾਜ ਇਕ ਅਧਿਐਨ, ਪੰਨਾ 17.
[2] ਤ੍ਰਿਲੋਚਨ ਸਿੰਘ (ਡਾ.), ਧਰਮ ਤੇ ਸਮਾਜ, ਪੰਨਾ 66.

ਵੱਖੋ-ਵੱਖ ਰਸਤਿਆਂ ਤੋਂ ਇੱਕ ਹੀ ਮੰਜ਼ਿਲ ਤੱਕ ਪਹੁੰਚ ਕਰਦੇ ਹਨ, "ਜੇ ਅਸੀਂ ਇੱਕ ਧਰਮ ਦਾ ਦੂਸਰੇ ਧਰਮ ਨਾਲ ਟਾਕਰਾ ਕਰੀਏ ਤਾਂ ਦੇਖਾਂਗੇ ਕਿ ਉਨ੍ਹਾਂ ਵਿਚ ਭਿੰਨਤਾ ਰਸਮਾਂ ਤੇ ਰੀਤਾਂ ਦੀ ਹੈ। ਜਦ ਅਸੀਂ ਸਿਧਾਂਤਾਂ ਤੇ ਮਤਾਂ ਦੀ ਤਹਿ ਵਿਚ ਜਾਂਦੇ ਹਾਂ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਰੇ ਧਰਮ ਇਕੋ ਅਗਾਧ ਸੋਮੇ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ।"[1]

ਧਰਮ ਬਾਰੇ ਬਣਾਏ ਗਏ ਭਿੰਨ ਭਿੰਨ ਸੰਕਲਪਾਂ ਕਾਰਣ ਧਰਮ ਨੂੰ ਬੇਸ਼ੁਮਾਰ ਢੰਗਾਂ ਰਾਹੀਂ ਪਰਿਭਾਸ਼ਿਤ ਕੀਤਾ ਗਿਆ ਹੈ। ਭਾਰਤੀ ਸੰਸਕ੍ਰਿਤੀ ਦੇ ਸਾਹਿਤ ਦਾ ਅਵਲੋਕਨ ਕਰਨ ਤੇ ਇਹ ਗਿਆਤ ਹੁੰਦਾ ਹੈ ਕਿ ਧਰਮ ਦਾ ਦ੍ਰਿਸ਼ਟੀਕੋਣ ਸਦਾ ਅਧਿਆਤਮਿਕ ਅਵਸਥਾਵਾਂ ਅਤੇ ਸਿਧਾਂਤਾਂ ਨੂੰ ਮਾਨਤਾ ਦੇਣਾ ਰਿਹਾ ਹੈ। "ਧਰਮ ਸੰਸਥਾਪਕ ਆਪਣੇ ਸਮੇਂ ਦੀਆਂ ਸਮਾਜਿਕਗਤ ਤੇ ਆਪਣੀ ਵਿਅਕਤੀਗਤ ਅਤੇ ਇਤਿਹਾਸ ਪਰਿਸਥਿਤੀਆਂ ਦੇ ਅਨੁਰੂਪ ਆਪਣੇ ਧਾਰਮਿਕ ਸੁਨੇਹੇ ਲੋਕ ਕਲਿਆਣ ਲਈ ਦਿੰਦਾ ਹੈ।"[2]

ਇੱਥੇ ਧਰਮ ਤੋਂ ਭਾਵ ਕਿਸੇ ਵਿਅਕਤੀ ਵਿਸ਼ੇਸ਼ ਦੇ ਧਰਮ ਤੋਂ ਨਹੀਂ ਹੈ ਬਲਕਿ ਮਾਨਵ ਦੀ ਪ੍ਰਾਕ੍ਰਿਤੀ ਦੇ ਬਾਰੇ ਵਿਚ ਸੁਭਾਵਿਕ ਰੂਪ ਨਾਲ ਸੋਚਣ-ਸਮਝਣ ਦੀ ਅਵਸਥਾ ਤੋਂ ਹੈ। ਸਾਰੇ ਧਰਮਾਂ ਦਾ ਸੰਬੰਧ ਮਨੁੱਖ ਦੇ ਮਨ ਨਾਲ ਹੈ। ਧਰਮ ਕੋਈ ਭੌਤਿਕ ਵਸਤੂ ਨਹੀਂ ਹੈ। ਬਲਕਿ ਇਹ ਇਕ ਅਮੂਰਤ ਧਾਰਣਾ ਹੈ ਜੋ ਮਨ ਅਤੇ ਆਤਮਾ ਨੂੰ ਉਨਤ ਕਰਦੀ ਹੈ। ਧਰਮ ਆਤਮਿਕ ਉਥਾਨ ਦਾ ਸ਼ਾਸਤਰ ਹੈ।

ਚਾਣਕਯ ਸੂਤਰ ਵਿਚ ਲਿਖਿਆ ਹੈ ਕਿ ਧਰਮ ਜ਼ਿੰਦਗੀ ਦੇ ਸੁੱਖ ਦਾ ਮੂਲ ਆਧਾਰ ਹੈ।

"सुखस्य मूलं धर्मः।"

"ਸੂਤਾਰਥ : ਧਰਮ ਜ਼ਿੰਦਗੀ ਦੇ ਲਈ ਸੱਚੇ ਸੁੱਖ ਦਾ ਆਧਾਰ ਹੈ।

ਵਿਆਖਿਆ: ਧਰਮ ਦੇ ਮੂਲ ਅਰਥ ਉੱਚੀਆਂ-ਉੱਚੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਕੇ, ਉਨ੍ਹਾਂ ਨੂੰ ਆਪਣੇ ਜੀਵਨ ਵਿਚ ਲਾਗੂ ਕਰਨਾ ਹੈ। ਇੰਝ ਕਰਨ ਨਾਲ ਜ਼ਿੰਦਗੀ ਵਿਚ ਸੁੱਖ ਸ਼ਾਂਤੀ ਅਤੇ ਉਨਤੀ ਪ੍ਰਾਪਤ ਹੁੰਦੀ ਹੈ।"[3]

ਸੁਖ ਪ੍ਰਾਪਤੀ ਲਈ ਈਸ਼ਵਰ ਦੀ ਉਪਾਸਨਾ ਅਰਾਧਨਾ ਹੀ ਧਰਮ ਦਾ ਆਧਾਰ ਬਣੀ। ਧਰਮ ਕੋਈ ਤਰਕ ਜਾਂ ਵਿਵਹਾਰਿਕ ਵਸਤੂ ਨਹੀਂ ਹੈ। ਈਸ਼ਵਰ ਦੇ ਪ੍ਰਤੀ ਪਿਆਰ ਸਹਿਤ ਭਾਵਨਾ ਦਾ ਪ੍ਰਦਰਸ਼ਨ ਹੀ ਧਰਮ ਹੈ। ਇਸ ਪਿਆਰ ਅਤੇ ਭਾਵਨਾ ਦਾ ਆਧਾਰ ਵਿਸ਼ਵਾਸ ਹੈ। ਧਰਮ ਦੇ ਪ੍ਰਤੀ ਭਾਵਨਾ ਰੱਖਣ ਦੇ ਕਾਰਨ ਹੀ ਮਨੁੱਖ ਧਾਰਮਿਕ ਹੋ ਜਾਂਦਾ ਹੈ। ਧਰਮ ਦਾ ਮੁੱਖ ਉਦੇਸ਼ ਸਾਧਕ ਅਤੇ ਈਸ਼ਵਰ ਦੇ ਨਾਲ ਸੰਬੰਧ ਸਥਾਪਿਤ ਕਰਨਾ ਹੈ। ਮਾਨਵ ਧਰਮ-ਸਾਧਨ ਦੇ ਦੁਆਰਾ ਇਸ਼ਟ ਜਾਂ ਪ੍ਰਭੂ ਦੇ ਪ੍ਰਤੀ ਆਪਣਾਪਣ ਅਤੇ ਨਿਕਟਤਮ ਦਾ ਭਾਵ ਵਿਅਕਤ ਕਰਦਾ ਹੈ।

"ਵੇਦੋਂ ਮੇਂ ਭੀ ਧਰਮ ਸ਼ਬਦ ਕਾ ਅਰਥ, ਨਿਸ਼ਚਿਤ ਨਿਯਮ, ਵਿਵਸਥਾ, ਸਿਧਾਂਤ ਔਰ ਆਚਰਣ ਕੇ ਗੁਣ ਰੂਪ ਮੇਂ ਗ੍ਰਹਣ ਕੀਆ ਗਯਾ ਹੈ। ਜੈਸਾ ਕਿ ਰਿਗਵੇਦ ਮੇਂ ਆਇਆ ਹੈ ਕਿ ਹਮਾਰੇ ਜੀਵਨ ਕੇ ਵੇ

---

[1] ਤ੍ਰਿਲੋਚਨ ਸਿੰਘ (ਡਾ.), ਧਰਮ ਤੇ ਸਮਾਜ, ਪੰਨਾ 66.

[2] ਕਾਲਾ ਸਿੰਘ (ਡਾ.), ਗੁਰੂ ਨਾਨਕ ਦਰਸ਼ਨ, ਪੰਨਾ 108.

[3] ਕੋਮਲ, ਅਮਰ (ਡਾ.), ਅਨੁਵਾਦਕ ਅਤੇ ਸੰਪਾਦਕ – ਚਾਣਕਯ ਸੂਤਰ, ਪੰਨਾ 11.

ਗੁਣ ਜੋ ਜੀਵਨ ਕੀ ਪ੍ਰਥਮ ਅਵਸਥਾ ਸੇ ਹੀ ਧਾਰਣ ਕੀਏ ਜਾਤੇ ਹੈ, ਵਹ ਧਰਮ ਹੈ।"[1] ਜਦੋਂ ਮਾਨਵ ਇਸ਼ਟ ਜਾਂ ਪ੍ਰਭੂ ਨਾਲ ਇਕਸੁਰਤਾ ਸਥਾਪਿਤ ਕਰਦਾ ਹੋਇਆ ਰੂਹਾਨੀ ਅਨੁਭੂਤੀ ਦਾ ਆਨੰਦ ਪ੍ਰਾਪਤ ਕਰਦਾ ਹੈ ਤਾਂ ਆਪਣੀ ਇਸ ਅਨੁਭੂਤੀ ਨੂੰ ਉਹ ਕਾਵਿ ਰਚਨਾਵਾਂ ਰਾਹੀਂ ਅਭਿਵਿਅਕਤ ਕਰਦਾ ਹੈ।

## 1.3 ਗੀਤ ਕਾਵਿ

ਭਗਤੀ ਅਤੇ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੀਤ ਕਾਵਿ ਲੋਕਾਂ ਦੀ ਅਧਿਆਤਮਿਕ ਉਨਤੀ ਅਤੇ ਕਲਿਆਣ ਹੇਤੂ ਸਰਲ ਮਾਰਗ ਹੈ। ਪ੍ਰਾਚੀਨ ਗੀਤ ਕਾਵਿ ਭਗਤੀ ਅਤੇ ਧਾਰਮਿਕ ਸਾਹਿਤ ਦਾ ਪ੍ਰਮੁੱਖ ਪ੍ਰਮਾਣ ਹਨ। ਭਗਤੀ ਦਾ ਸੰਬੰਧ ਈਸ਼ਵਰ ਨਾਲ ਹੈ ਅਤੇ ਈਸ਼ਵਰ ਦੀ ਉਸਤਤੀ ਲਈ ਗਾਏ ਗਏ ਪਦ ਹੀ ਗੀਤ ਕਾਵਿ ਹਨ। ਇਹ ਕਾਵਿ ਭਗਤੀ ਰਸ ਨਾਲ ਓਤ-ਪ੍ਰੋਤ ਮਿਲਦੇ ਹਨ। "ਜਿਸ ਪ੍ਰਕਾਰ ਨਿਸ਼ਚਿਤ ਅੰਦੋਲਨ ਸੰਖਿਆ ਤਥਾ ਨੀਤੀਓਂ ਕੇ ਗਠਨ ਸੇ ਮਧੁਰ ਸਵਰ ਦੀ ਉਤਪਤੀ ਹੋਤੀ ਹੈ। ਉਸੀ ਪ੍ਰਕਾਰ ਨਿਯਮਿਤ ਧਵਨੀ-ਪ੍ਰਕੰਪਨੋਂ ਤਥਾ ਵਰਣੋਂ ਕੇ ਆਧਾਰ ਪਰ ਮਧੁਰ ਸ਼ਬਦ, ਮਧੁਰ ਛੰਦ ਔਰ ਮਧੁਰ ਅਰਥ ਕੀ ਉਤਪਤੀ ਹੋਤੀ ਹੈ।"[2]

ਭਗਤੀ ਅਤੇ ਧਰਮ ਦੇ ਇਤਿਹਾਸ ਅਤੇ ਗਿਆਨ ਲਈ ਪ੍ਰਚੀਨਤਮ ਮਾਧਿਅਮ ਗੀਤ ਕਾਵਿ ਹਨ। ਗੀਤ ਕਾਵਿ ਦਾ ਗੁਣ ਗਾਇਨ ਵਿਚ ਹੈ। ਗੀਤ ਕਾਵਿ ਦੁਆਰਾ ਹੀ ਉਸ ਕਾਲ ਦੇ ਭਗਤੀ ਅਤੇ ਧਰਮ ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਜਾ ਸਕਦਾ ਹੈ। "ਗੀਤੀ ਕਾਵਿ ਕਾ ਇਤਿਹਾਸ, ਅਤਿ ਪੁਰਾਤਨ ਹੈ। ਜਬ ਸੇ ਮਾਨਵ ਕੋ ਸੁਖ ਦੁਖ, ਭੈਅ, ਕ੍ਰੋਧ ਆਦਿ ਕੀ ਅਨੁਭੂਤੀ ਹੋਨੇ ਲਗੀ, ਤਬ ਸੇ ਗੀਤੀ ਕਾਵਿ ਕੇ ਸਾਥ ਇਸਕਾ ਅਟੂਟ ਸੰਬੰਧ ਸਥਾਪਿਤ ਹੋ ਗਿਆ। ਨਿ:ਸੰਦੇਹ ਪ੍ਰਾਰੰਭ ਮੇਂ ਮਨੁਸ਼ਯ ਕੇ ਪਾਸ ਅਪਨੇ ਅਨੁਭਵ ਵਿਅਕਤ ਕਰਨੇ ਕੇ ਲਿਏ ਸਮੱਗਰੀ ਕਾ ਅਭਾਵ ਥਾ ਪਰੰਤੂ ਭਾਵੋਂ ਕਾ ਝਰਨਾ ਜੋ ਹਿਰਦੈ ਕੇ ਅੰਦਰ ਹੀ ਅੰਦਰ ਵੇਗਮਾਨ ਹੋ ਰਹਾ ਥਾ, ਭਲਾ ਕਬ ਤੱਕ ਰੁਕ ਸਕਤਾ ਥਾ ਵਹ ਸਮਅ ਪਾਕਰ ਵਾਣੀ ਦੁਆਰਾ ਝਲਕ ਪੜਾ ਔਰ ਕਾਵਿ ਕੀ ਸ੍ਰਿਸ਼ਟੀ ਹੁਈ।"[3]

ਇਨ੍ਹਾਂ ਗ੍ਰੰਥਾਂ ਵਿਚ ਸੰਤਾਂ, ਕਵੀਆਂ, ਭਗਤਾਂ ਨੇ ਭਗਤੀ ਭਾਵਨਾ ਅਤੇ ਸੰਗੀਤ ਨੂੰ ਸਮਾਨ ਰੂਪ ਵਿਚ ਮਹੱਤਵ ਦਿੱਤਾ ਹੈ। ਮਾਰਗੀ ਸੰਗੀਤ ਨੂੰ ਮੋਕਸ਼ ਦਾ ਸਾਧਨ ਮੰਨਿਆ ਹੈ। ਪ੍ਰਭੂ ਪ੍ਰਾਪਤੀ ਦੇ ਲਈ ਇਨ੍ਹਾਂ ਗ੍ਰੰਥਾਂ ਵਿਚ ਪਦਾਂ ਨੂੰ ਸੰਗੀਤ ਦੇ ਅਨੁਰੂਪ ਢਾਲਿਆ ਗਿਆ ਹੈ। ਸੰਗੀਤ ਅਤੇ ਭਗਤੀ ਇਕ ਦੂਜੇ ਦੇ ਸਮਕਾਲੀ ਹਨ। ਦੋਵਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ।

ਕਾਵਿ ਇਕ ਆਨੰਦ ਦੀ ਲਹਿਰ ਹੈ। ਹਿਰਦੈ ਦਾ ਵਿਸ਼ਾ ਹੈ। ਜਿਸ ਦਾ ਅਨੁਭਵ ਕੀਤਾ ਜਾ ਸਕਦਾ ਹੈ ਪਰ ਇਸਦਾ ਵਰਨਣ ਕਠਿਨ ਹੈ। ਜਿਸ ਪ੍ਰਕਾਰ ਬ੍ਰਹਮਆਨੰਦ ਦਾ ਅਨੁਭਵ ਕਰਨ ਨਾਲ ਮਨੁੱਖ ਦੁਨਿਆਵੀ ਦੁੱਖਾਂ ਤੋਂ ਛੁਟਕਾਰਾ ਪਾ ਕੇ ਅਨੰਦ ਸਾਗਰ ਵਿਚ ਤਾਰੀ ਲਾ ਲੈਂਦਾ ਹੈ। ਉਸੇ ਪ੍ਰਕਾਰ ਹੀ ਗੀਤ ਕਾਵਿ ਦੇ ਰਸ ਮਾਰਗ ਰਾਹੀਂ ਮਨੁੱਖ ਆਲੌਕਿਕ ਵਾਤਾਵਰਣ ਵਿਚ ਪਹੁੰਚ ਜਾਂਦਾ ਹੈ।

ਸ਼ਬਦ ਕਲਪਦਰੁਮ ਕੋਸ਼ ਵਿਚ ਗੀਤੀ ਦਾ ਅਰਥ ਗਾਨ ਤੋਂ ਲਿਆ ਗਿਆ ਹੈ।

---

[1] ਅਲੰਕਾਰ, ਜੈਦੇਵ ਵੇਦ, ਭਾਤਰੀਏ ਦਰਸ਼ਨ ਸ਼ਾਸਤਰ ਕਾ ਇਤਿਹਾਸ, ਪੰਨਾ 21.
[2] ਵਸੰਤ, ਸੰਗੀਤ ਵਿਸ਼ਾਰਦ, ਪੰਨਾ 598.
[3] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦ ਸੰਗੀਤ, ਪੰਨਾ 13.

"धातुमातुसमायुकतं गीतमित्युच्यते बुधैः।
तत्र नादात्मको धातुर्मातुरक्षर सञ्चयः
गीतं च द्विविधं प्रोक्तं यन्त्र गात्रविभागतः।
यन्त्र स्याद वेणुवीणादि गात्रं तु मुखजं स्मृतम्।"

ਅਰਥਾਤ: "ਅਚਾਰਿਆ ਨੇ ਗੀਤ ਕੋ ਧਾਤੂ ਤਥਾ ਮਾਤੂ ਤੱਤਵੋਂ ਸੇ ਯੁਕਤ ਕਹਾ ਹੈ। ਧਾਤੂ ਨਾਦਤਤਵ ਔਰ ਮਾਤੂ ਅੱਖਰ ਸੰਚਯ ਕਾ ਨਾਮ ਹੈ। ਯੰਤਰ ਔਰ ਗਾਤਰ ਭੇਦ ਸੇ ਗੀਤ ਦੋ ਪ੍ਰਕਾਰ ਕਾ ਹੋਤਾ ਹੈ। ਵੇਣੂ, ਵੀਣਾ ਆਦਿ ਯੰਤਰ ਹੈ ਔਰ ਮੁਖ ਸੇ ਉਤਪੰਨ ਗੀਤ ਗਾਤਰ।"[1]

ਗੀਤ ਸ਼ਬਦ ਅੰਗਰੇਜ਼ੀ ਦੇ ਸ਼ਬਦ ਲਿਰਿਕ ਦਾ ਪ੍ਰਾਇਵਾਚੀ ਹੈ। ਲਿਰਿਕ ਦਾ ਮੂਲ ਅਰਥ ਗਾਇਨ ਹੀ ਸਮਝਿਆ ਜਾਂਦਾ ਹੈ। "ਲਿਰਿਕ ਸ਼ਬਦ ਯੂਨਾਨੀ ਸ਼ਬਦ 'ਲਾਅਰ' ਸੇ ਵਿਕਸਿਤ ਹੁਆ ਹੈ। 'ਲਾਇਰ' ਏਕ ਪ੍ਰਕਾਰ ਕਾ ਸੰਗੀਤ ਵਾਦ ਹੋਤਾ ਹੈ। ਪ੍ਰਾਰੰਭ ਮੇਂ ਇਸ ਵਾਦ ਪਰ ਇਕਾਂਕੀ ਵਿਅਕਤੀ ਦੁਆਰਾ ਗਾਏ ਜਾਨੇ ਵਾਲਾ ਗੀਤ ਹੀ ਲਿਰਿਕ ਕਹਲਾਤੇ ਥੇ।"[2] ਇਸ ਸਾਜ਼ 'ਤੇ ਗਾਏ ਜਾਣ ਵਾਲੇ ਗੀਤ ਹੀ ਲਿਰਿਕ ਅਖਵਾਏ। ਅੰਗਰੇਜ਼ੀ ਲਿਰਿਕ ਕਾਵਿ ਦਾ ਉਦਭਵ ਇਨ੍ਹਾਂ ਗੀਤਾਂ ਤੋਂ ਹੋਇਆ। ਭਾਰਤੀ ਸਾਹਿਤ ਅਤੇ ਸੰਸਕ੍ਰਿਤ ਵਿਚ ਗੀਤ ਦਾ ਮਹੱਤਵ ਬਹੁਤ ਜ਼ਿਆਦਾ ਹੈ। ਪ੍ਰਾਚੀਨ ਕਾਲ ਵਿਚ ਗੀਤ ਸ਼ੈਲੀ ਦਾ ਵਿਕਾਸ ਦੋ ਦਿਸ਼ਾਵਾਂ ਵਿਚ ਹੋ ਚੁੱਕਿਆ ਸੀ ਜਿਸਦੇ ਸਿੱਟੇ ਵਜੋਂ ਗੀਤ ਕਾਵਿ ਅਤੇ ਸੰਗੀਤ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ।

ਭਗਤੀ ਅਤੇ ਧਰਮ ਦੇ ਪ੍ਰਚਾਰ ਲਈ ਗੀਤ ਕਾਵਿ ਅਧਿਆਤਮਿਕ ਉਨਤੀ ਲਈ ਕਲਿਆਣਕਾਰੀ ਸਿੱਧ ਹੋਏ। ਪ੍ਰਾਚੀਨ ਗੀਤ ਕਾਵਿ ਵੈਦਿਕ ਕਾਲ ਤੋਂ ਆਧੁਨਿਕ ਕਾਲ ਤੱਕ ਭਗਤੀ, ਧਰਮ, ਸੰਗੀਤ ਅਤੇ ਸਾਹਿਤ ਦਾ ਪ੍ਰਮੁੱਖ ਪ੍ਰਮਾਣ ਹਨ। ਈਸ਼ਵਰ ਦੀ ਉਪਾਸਨਾ ਲਈ ਜਦੋਂ ਕਾਵਿ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਇਹ ਗਾਇਨ ਰੂਪ ਹੀ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਸਰਲ ਮਾਰਗ ਮੰਨਿਆ ਜਾਂਦਾ ਹੈ। ਜਦੋਂ ਵੈਦਿਕ ਰਿਸ਼ੀਆਂ ਮੁਨੀਆਂ ਨੇ ਅਧਿਆਤਮਿਕ ਤੌਰ ਤੇ ਉਸ ਪ੍ਰਮਾਤਮਾ ਨਾਲ ਲੀਨਤਾ ਪਾਈ ਤਾਂ ਉਹਨਾਂ ਨੇ ਇਹ ਅਨੁਭਵ ਕੀਤਾ ਕਿ ਸਾਧਾਰਣ ਭਾਸ਼ਾ ਵਿਚ ਕੀਤੇ ਗਏ ਪ੍ਰਚਾਰ ਤੋਂ ਸੰਗੀਤ ਦੁਆਰਾ ਕੀਤੇ ਪ੍ਰਚਾਰ ਰਾਹੀਂ ਉਸ ਬ੍ਰਹਮ ਵਿਚ ਲੀਨਤਾ ਹੀ ਸਹਿਜ ਹੋ ਸਕਦੀ ਹੈ। ਜਦੋਂ ਲਿੱਪੀ ਦਾ ਵਿਕਾਸ ਨਹੀਂ ਹੋਇਆ ਸੀ ਤਾਂ ਸੰਤਾਂ, ਰਿਸ਼ੀਆਂ, ਮੁਨੀਆਂ ਦੇ ਇਨ੍ਹਾਂ ਕਾਵਿ ਪਦਾਂ ਨੂੰ ਗਾਇਨ ਰੂਪ ਵਿਚ ਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੁਰੱਖਿਆ ਰੱਖਿਆ ਅਤੇ ਲਿੱਪੀ ਦੇ ਪ੍ਰਚਾਰ ਵਿਚ ਆਉਣ ਨਾਲ ਇਹ ਪਦ ਧਾਰਮਿਕ ਗ੍ਰੰਥਾਂ ਦਾ ਰੂਪ ਧਾਰਣ ਕਰ ਸਕੇ।

ਵਿਦਵਾਨ ਭਗਤੀ ਅਤੇ ਧਰਮ ਦਾ ਉਦੈ ਸਥਾਨ ਵੇਦਾਂ ਤੇ ਉਪਨਿਸ਼ਦਾਂ ਤੋਂ ਮੰਨਦੇ ਹਨ। "ਭਾਰਤੀ ਸਾਧਨਾਂ ਦਾ ਬੀਜ ਸੰਹਿਤਾਵਾਂ ਵਿਚ ਨਿਹਿਤ ਹੈ। ਉਪਨਿਸ਼ਦਾਂ ਵਿਚ ਇਹ ਫੁੱਟਿਆ ਅਤੇ ਪਲਿਆ ਹੈ ਅਤੇ ਪੁਰਾਣਾਂ ਵਿਚ ਟਹਿਣੀ-ਟਹਿਣੀ ਭਰਕੇ ਫਲ-ਫੁੱਲਾਂ ਨਾਲ ਲੱਦੇ ਬਿਰਛ ਰੂਪ ਵਿਚ ਵਿਕਸਿਤ ਹੋਇਆ ਹੈ।"[3]

---

[1] ਬਹਾਦੁਰ, ਰਾਧਾਕਾਂਤ ਦੇਵ, ਸ਼ਬਦ ਕਲਪਦਰੁੱਮ ਕੋਸ਼, ਪੰਨਾ 332.
[2] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦਯ ਸੰਗੀਤ, ਪੰਨਾ 15.
[3] ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 225.

"ਭਗਤੀ, ਅਧਿਆਤਮਕ ਤੇ ਧਾਰਮਿਕ ਗ੍ਰੰਥਾਂ ਦੀ ਪਰੰਪਰਾ ਬੜੀ ਪੁਰਾਣੀ ਤੇ ਅਮੀਰ ਹੈ। ਲਗਭਗ ਪੰਜ ਹਜ਼ਾਰ ਵਰ੍ਹੇ ਤੋਂ ਰਿਸ਼ੀਆਂ ਮੁਨੀਆਂ, ਤੱਤ ਗਿਆਨੀਆਂ, ਸਿੱਧਾਂ ਨਾਥਾਂ, ਸੂਫ਼ੀਆਂ, ਸੰਤਾਂ, ਗੁਰੂਆਂ ਪੀਰਾਂ ਅਤੇ ਦਰਵੇਸ਼ਾਂ ਫ਼ਕੀਰਾਂ ਇਸ ਲੜੀ ਨੂੰ ਨਿਰੰਤਰ ਜਾਰੀ ਰੱਖਿਆ। ...ਭਾਰਤ ਦੇ ਧਾਰਮਿਕ ਇਤਿਹਾਸ ਨੂੰ ਹੀ ਲੈ ਲਓ, ਇਸ ਵਿਚ ਵਿਵਿਧਤਾ ਹੈ, ਵਿਚਾਰਾਂ ਦਾ ਭੇਦ ਹੈ, ਵਿਧੀਆਂ ਦਾ ਫ਼ਰਕ ਹੈ। ਪਰ ਆਦਰਸ਼, ਇੱਕ ਹੀ ਹੈ ਕਿ ਮਨੁੱਖ ਨੂੰ ਪਰਮ ਸ੍ਰੇਸ਼ਟਤਾ ਵੱਲ ਕਿਵੇਂ ਲਿਜਾਇਆ ਜਾ ਸਕਦਾ ਹੈ। ਇਸ ਆਦਰਸ਼-ਪ੍ਰਾਪਤੀ ਲਈ ਦ੍ਰਿਸ਼ਟੀਕੋਣ ਤੇ ਸਾਧਨਾ ਮਾਰਗਾਂ ਦਾ ਭਿੰਨ-ਭਿੰਨ ਹੋਣਾ ਕੋਈ ਅਸਚਰਜਤਾ ਵਾਲੀ ਗੱਲ ਨਹੀਂ।"[1]

ਭਗਤੀ, ਧਰਮ, ਸੰਗੀਤ, ਸੰਸਕ੍ਰਿਤੀ, ਸਾਹਿਤ ਸਭ ਨੂੰ ਇਤਿਹਾਸਿਕ ਰੋਸ਼ਨੀ ਵਿਚ ਘੋਖਣ ਲਈ ਵੇਦ ਹੀ ਸਭ ਤੋਂ ਪ੍ਰਾਚੀਨ ਇਤਿਹਾਸਿਕ ਪ੍ਰਮਾਣ ਹੈ। ਭਗਤੀ ਦਾ ਸਰੂਪ ਚਾਹੇ ਉਹ ਹਿੰਦੁਸਤਾਨੀ ਹੋਵੇ ਜਾਂ ਸੂਫ਼ੀ ਸੰਗੀਤ ਹੋਵੇ ਮੂਲ ਸਾਨੂੰ ਇਸੇ ਵੈਦਿਕ ਪਰੰਪਰਾ ਵਿਚੋਂ ਮਿਲਦਾ ਹੈ। ਪਰੰਪਰਾ ਚਾਹੇ ਉਹ ਸਾਹਿਤਿਕ, ਧਾਰਮਿਕ, ਸੰਗੀਤਿਕ ਜਾਂ ਸਮਾਜਿਕ ਹੋਵੇ, ਕਿਸੇ ਤੱਤ ਦੀ ਖੋਜ ਲਈ ਮੂਲ ਸ੍ਰੋਤ ਬਣਦੀ ਹੈ। ਕਿਉਂਕਿ ਕੋਈ ਵੀ ਪ੍ਰਸਤੁਤੀ, ਧਰਮ, ਭਗਤੀ ਅਤੇ ਸੰਸਕ੍ਰਿਤੀ ਕਿਸੇ ਇਕ ਦਿਨ ਦੀ ਉਪਜ ਨਹੀਂ ਹੁੰਦੀ, ਬਲਕਿ ਇਸ ਦੇ ਪਿੱਛੇ ਕਈ ਕਾਲਾਂ ਦਾ ਪਿਛੋਕੜ ਰਿਹਾ ਹੁੰਦਾ ਹੈ ਅਤੇ ਪਿਛੋਕੜ ਨੂੰ ਜਾਣੇ ਬਿਨ੍ਹਾਂ ਸਹੀ ਤੱਥ ਉਜਾਗਰ ਨਹੀਂ ਹੋ ਸਕਦੇ। ਆਪਣੀ ਜੜ੍ਹ ਜਾਂ ਪਿਛੋਕੜ ਤੋਂ ਦੂਰ ਜਾ ਕੇ ਜਾਂ ਉਸ ਨੂੰ ਬਿਲਕੁਲ ਛੱਡ ਕੇ ਅਸਤਿੱਤਵ ਦੀ ਹੋਂਦ ਬਰਕਰਾਰ ਨਹੀਂ ਰੱਖੀ ਜਾ ਸਕਦੀ। ਸਮੇਂ ਦੇ ਪਰਿਵਰਤਨਸ਼ੀਲ ਪ੍ਰਵਾਹ ਦੇ ਨਾਲ ਸਮਾਜ ਦੀ ਹਰ ਕਲਾ, ਸੰਸਕ੍ਰਿਤੀ ਅਤੇ ਸਾਹਿਤ ਵਿਚ ਨਵੀਨਤਾ ਆਉਂਦੀ ਹੈ, ਪਰੰਤੂ ਉਹ ਨਵੀਨਤਾ ਵੀ ਪ੍ਰਾਚੀਨਤਾ ਦੀ ਉਪਜ ਹੁੰਦੀ ਹੈ।

### 1.3.1 ਵੇਦਾਂ ਵਿਚ ਭਗਤੀ

ਭਾਰਤੀ ਧਰਮ ਸਾਧਨਾ ਦਾ ਮੂਲ ਸਰੋਤ ਵੇਦ ਹਨ ਜੋ ਕਿ ਗੀਤ ਕਾਵਿ ਦਾ ਸਭ ਤੋਂ ਪ੍ਰਾਚੀਨਤਮ ਸਰੂਪ ਹਨ। "ਸੰਸਾਰ ਕੇ ਪੁਸਤਕਾਲਯ ਮੇਂ ਸਬਸੇ ਪੁਰਾਨੀ ਪੁਸਤਕ ਵੇਦ ਹੈ, ਜਿਸਕੇ ਦੁਆਰਾ ਸੰਸਾਰ ਮੇਂ ਸਮਸਤ ਵਿਗਿਆਨ, ਵਿਸਤੀਰਵ ਹੂਆ। ਵੇਦੋਂ ਕਾ ਪ੍ਰਚਾਰ ਔਰ ਵਿਕਾਸ ਸਬਸੇ ਪ੍ਰਥਮ ਭਾਰਤਵਰਸ਼ ਮੇਂ ਹੂਆ। ਕਿਉਂਕਿ ਸ੍ਰਿਸ਼ਟੀ ਕੀ ਉਤਪਤੀ ਭੀ ਸਰਵਪ੍ਰਥਮ ਯਹਾਂ ਹੀ ਹੂਈ ਥੀ। ਭਾਰਤ ਵਾਸੀ ਪਹਿਲੇ ਵੈਦਿਕ ਵਿਗਿਆਨ ਕੇ ਪੰਡਿਤ ਥੇ ਔਰ ਵੈਦਿਕ ਸਭਿਅਤਾ ਕਾ ਉਨ ਪਰ ਪ੍ਰਭਾਵ ਥਾ।"[2]

ਵੈਦਿਕ ਕਾਲ ਵਿਚ ਉੱਚ ਕੋਟੀ ਦੇ ਰਿਸ਼ੀ ਮੁਨੀ ਕਵੀ ਅਧਿਆਤਮਿਕ ਗਿਆਨ ਨਾਲ ਓਤ-ਪ੍ਰੋਤ ਸਨ। ਉਨ੍ਹਾਂ ਨੇ ਇਹ ਅਧਿਆਤਮਿਕ ਗਿਆਨ ਆਪਣੇ ਵੰਸ਼ਜ਼ਾਂ ਅਤੇ ਸ਼ਗਿਰਦਾਂ ਤੱਕ ਪਹੁੰਚਾਇਆ। ਜਦੋਂ ਵੇਦਾਂ ਦੀ ਰਚਨਾ ਹੋਈ ਉਦੋਂ ਲੇਖਨ ਪ੍ਰਣਾਲੀ ਦੀ ਹੋਂਦ ਨਹੀਂ ਸੀ। ਪਹਿਲਾ ਰਿਸ਼ੀਆਂ ਨੇ ਕਈ ਸਾਲਾਂ ਵਿਚ ਦਾਰਸ਼ਨਿਕ ਗਿਆਨ ਨੂੰ ਇਕੱਤਰ ਕੀਤਾ। ਬ੍ਰਾਹਮਣ ਵਰਗ ਨੇ ਆਪਣੇ ਗੁਰੂਆਂ ਤੋਂ ਇਹ ਮੰਤਰ ਸੰਗੀਤਕ ਰੂਪ ਵਿਚ ਯਾਦ ਕਰਕੇ, ਇਹਨਾਂ ਨੂੰ ਅੱਗੇ ਆਪਣੇ ਵੰਸ਼ਜ਼ਾਂ ਨੂੰ ਦਿੱਤਾ ਅਤੇ ਲੇਖਨ ਪ੍ਰਣਾਲੀ ਦੇ ਹੋਂਦ ਵਿਚ ਆਉਣ ਤੇ ਵੇਦਾਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਭਾਰਤੀ ਇਤਿਹਾਸ ਵਿਚ ਅਨੇਕਾਂ ਉਤਰਾਅ-ਚੜ੍ਹਾਅ

---

[1] ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ 21.
[2] ਸ਼ਾਸਤਰੀ, ਪ੍ਰੇਮ ਚੰਦ, ਵੇਦ ਔਰ ਵਿਗਿਆਨ, ਪੰਨਾ 75.

ਆਏ ਹਨ। ਪਰੰਤੂ ਵੇਦਾਂ ਵਿਚ ਭਾਰਤੀ ਲੋਕਾਂ ਦੀ ਸ਼ਰਧਾ ਅਤੇ ਵਿਸ਼ਵਾਸ ਦੇ ਕਾਰਨ ਅੱਜ ਵੀ ਉਚਤਮ ਸ਼ਾਸਤਰ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੈ।

"ਭਾਰਤੀਏ ਸੰਸਕ੍ਰਿਤੀ ਮੇਂ ਸਬਸੇ ਬੜਾ ਪ੍ਰਭਾਵਸ਼ਾਲੀ ਕਾਰਕ 'ਆਸਥਾ' ਕਾ ਰਹਾ ਹੈ। ਵਾਤਾਵਰਣ ਦੁਆਰਾ ਮਨੁਸ਼ਯ ਕੇ ਕ੍ਰਿਤਰਮ ਮਾਧਿਅਮ ਵਾ ਆਵਸ਼ਕਤਾਓਂ ਕੀ ਰਾਹ ਮਿਲਨਾ ਭੀ ਭੁਲਾਇਆ ਨਹੀਂ ਜਾ ਸਕਦਾ ਕਿੰਤੂ ਇਸ ਜੀਵਨ ਕੋ ਜੀਨੇ ਕੀ ਲੜਾਈ ਮੇਂ ਉਸਕਾ ਸਬਸੇ ਬੜਾ ਸਹਿਯੋਗੀ ਉਸਕਾ ਵਿਸ਼ਵਾਸ ਵ ਆਸਥਾ ਰਹੇ। ਭ੍ਰਾਤਰੀਏ ਮਾਨਵ ਨੇ, ਆਸਥਾ ਕੇ ਮੂਲ ਤੱਤਵ (ਪੂਜਾ ਵਾ ਵਿਚਾਰ) ਸੇ ਸਵੈਂਅ ਕੋ ਦ੍ਰਿੜ ਵ ਸਾਹਸੀ ਰਖਨੇ ਕੀ ਊਰਜਾ ਪ੍ਰਾਪਤ ਕੀ।"[1]

"ਵੇਦ ਪਹਿਲੇ ਲਿਖਤ ਵਿਚ ਨਹੀਂ ਆਏ। ਯਾਦ ਰੱਖਣ ਲਈ ਰਿਸ਼ੀਆਂ ਨੇ ਮੰਤਰ ਇਕ ਦੂਸਰੇ ਤੋਂ ਸੁਣਕੇ ਕੰਠ ਕੀਤੇ, ਇਸ ਲਈ ਵੇਦ ਮੰਤਰਾਂ ਨੂੰ 'ਸ਼ਰੁਤੀ' ਕਿਹਾ ਗਿਆ। ਸ਼ਰੁਤੀ ਦੇ ਅਰਥ ਹਨ- ਸੁਣਿਆ ਹੋਇਆ। ਜਿਨ੍ਹਾਂ ਪੁਰਸ਼ਾਂ ਨੂੰ ਇਹ ਮੰਤਰ ਯਾਦ ਸਨ, ਉਨ੍ਹਾਂ ਦਾ ਨਾਂ ਸ਼ਰੋਤ ਪੈ ਗਿਆ।"[2]

ਵੇਦਾਂ ਸੰਬੰਧੀ ਇਹ ਧਾਰਣਾ ਹੈ ਕਿ ਇਹ ਈਸ਼ਵਰੀ ਬਾਣੀ ਹੈ। ਵੇਦ ਕਿਸੇ ਇਕ ਵਿਅਕਤੀ ਦੀ ਰਚਨਾ ਨਹੀਂ ਬਲਕਿ ਕਈ ਰਿਸ਼ੀਆਂ ਮੁਨੀਆਂ ਦੇ ਆਤਮਿਕ ਅਨੁਭਵਾਂ ਦਾ ਸਾਰ ਹੈ। ਕਈ ਲੋਕ ਇਹ ਵੀ ਮੰਨਦੇ ਹਨ ਕਿ ਵੇਦ ਬ੍ਰਹਮਾ ਜੀ ਦੇ ਉਚਾਰਨ ਕੀਤੇ ਹੋਏ ਹਨ।

ਮਨੂ ਸਮਰਿਤੀ ਵਿਚ ਵੇਦਾਂ ਦੇ ਵਿਸ਼ੇ ਵਿਚ ਲਿਖਿਆ ਹੈ।

"वेदोऽखिलो धर्ममूलम्।
सर्वज्ञानमयो वि सः।"

ਅਰਥਾਤ ਵੇਦ ਧਰਮ ਕਾ ਮੂਲ ਹੈ ਉਸਮੇਂ "ਚਾਰੋਂ ਵਰਣ, ਤੀਨ ਲੋਕ, ਚਾਰੋਂ ਆਸ਼ਰਮ, ਭੂਤ, ਵਰਤਮਾਨ ਔਰ ਭਵਿਸ਼ਅ, ਇਨ ਸਬਕਾ ਪੂਰਾ ਗਿਆਨ ਵੇਦ ਸੇ ਹੋਤਾ ਹੈ।"[3]

ਵੇਦਾਂ ਵਿਚ ਚਾਹੇ ਭਗਤੀ ਸ਼ਬਦ ਦਾ ਪ੍ਰਯੋਗ ਨਹੀਂ ਹੋਇਆ ਪ੍ਰੰਤੂ ਭਗਤੀ ਦੇ ਸਾਧਨ ਪੂਜਾ, ਕੀਰਤਨ ਨਾਮ ਹਨ। ਵੇਦਾਂ ਨੂੰ ਸਮੂਹ ਗਿਆਨ ਦਾ ਸੋਮਾ ਮੰਨਣ ਵਾਲੇ ਵੇਦਾਂ ਵਿਚ ਭਗਤੀ ਮਾਰਗ ਦਾ ਮੂਲ ਲੱਭਦੇ ਹਨ। ਨਿਰਸੰਦੇਹ ਵੇਦਾਂ ਵਿਚ ਕਰਮ ਕਾਂਡਾਂ ਨੂੰ ਵੀ ਤਰਜੀਹ ਦਿੱਤੀ ਗਈ ਹੈ ਪਰ ਇਨ੍ਹਾਂ ਵਿਚ ਗਿਆਨ ਅਤੇ ਭਗਤੀ ਬੀਜ ਰੂਪ ਵਿਚ ਮੌਜੂਦ ਹਨ। ਅਸਲ ਵਿਚ ਭਗਤੀ ਦਾ ਮੂਲ ਮੁਢ ਵੇਦ ਹੀ ਹਨ। ਵੇਦਾਂ ਵਿਚ ਕੁਝ ਮੰਤਰਾਂ ਵਿਚ ਪ੍ਰਾਕ੍ਰਿਤਕ ਸ਼ਕਤੀਆਂ ਅਤੇ ਦੇਵਤਾ ਦੇ ਵਿਚਕਾਰ ਡੂੰਘੇ ਪ੍ਰੇਮ ਅਤੇ ਮਿਤ੍ਰਤਾ ਵਾਲੇ ਸੰਬੰਧਾਂ ਨੂੰ ਉਜਾਗਰ ਕੀਤਾ ਗਿਆ ਹੈ।

ਵੇਦਾਂ ਵਿਚ ਪ੍ਰਾਕ੍ਰਿਤਕ ਪੂਜਾ ਦੇ ਉਲੇਖ ਵੀ ਪ੍ਰਾਪਤ ਹੁੰਦੇ ਹਨ। ਪ੍ਰਾਕ੍ਰਿਤੀ ਦੀ ਪੂਜਾ ਇਸ ਲਈ ਕੀਤੀ ਜਾਂਦੀ ਸੀ ਤਾਂ ਕਿ ਪ੍ਰਾਕ੍ਰਿਤਕ ਦੇਵੀ ਦੇਵਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਬਣਾਈ ਰੱਖਣ ਅਤੇ ਉਹਨਾਂ ਦੀ ਕ੍ਰਿਪਾ ਜੋ ਮਨੁੱਖ ਜਾਂ ਸਮੂਹ ਦੇ ਲਈ ਕਲਿਆਣਕਾਰੀ ਸਿੱਧ ਹੋਵੇ। "ਵਰਿਕਸ਼ੋ ਔਰ ਪਸ਼ੂਓ ਕੀ ਪੂਜਾ ਭੀ ਪ੍ਰਚਲਿਤ ਥੀ, ਪੀਪਲ ਕਾ ਏਕ ਪੱਤਾ ਮਿਲਾ ਹੈ। ਜੋ ਵਰਿਕਸ਼ ਪੂਜਾ ਕਾ ਪ੍ਰਾਚੀਨਤਮ ਪ੍ਰਤੀਨਿਧੀਤਵ ਕਰਤਾ

---

[1] ਮਿੱਤਲ, ਅੰਜਲੀ, ਭਾਰਤੀਏ ਸਭਿਅਤਾ ਸੰਸਕ੍ਰਿਤੀ ਏਵਮ ਸੰਗੀਤ, ਪੰਨਾ 49.
[2] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 26.
[3] ਹਰੀ, ਵਿਯੋਗ (ਸੰਪਾ.), ਹਮਾਰੀ ਪਰੰਪਰਾ, ਪੰਨਾ 124.

ਹੈ। ਕੁਝ ਸਮੇਂ ਪਸ਼ਚਾਤ ਹੜੱਪਾ ਮੇਂ ਪੀਪਲ ਕੀ ਸ਼ਾਖਾਓਂ ਔਰ ਪੱਤੇ ਕੇ ਬੰਦਨਵਾਰ ਬਨਨੇ ਲਗੇ ਥੇ। ਜੋ ਵਰਿਕਸ਼ ਪੂਜਾ ਕੇ ਪੂਰਵ ਰੂਪ ਕੋ ਪ੍ਰਗਟ ਕਰਤੇ ਹੈਂ। ਮੋਹਨਜੋ-ਦਾਰੋ ਮੇਂ ਏਕ ਐਸੀ ਭੀ ਮੁਦਰਾ ਮਿਲਤੀ ਹੈ, ਜਹਾਂ ਦੇਵਤਾ ਪੀਪਲ ਕੇ ਨੀਚੇ ਖੜ੍ਹੇ ਹੈ, ਦੂਸਰੀ ਮੁਦਰਾ ਮੇਂ ਉਨਕਾ ਸਰ ਪੀਪਲ ਕੇ ਤਨੇ ਸੇ ਬਾਹਰ ਨਿਕਲਾ ਹੂਆ ਹੈ। ਹੜੱਪਾ ਕੀ ਮੁਦਰਾਓਂ ਮੇਂ ਬਬੂਲ ਕਾ ਪੇੜ ਭੀ ਮਿਲਾ ਹੈ। ਉਸਕੇ ਨੀਚੇ ਜਾਂ ਤੋਂ ਚਬੂਤਰਾ ਹੈ ਜਾਂ ਬਾੜ। ਸਬਸੇ ਅਧਿਕ ਮਹੱਤਵ ਕੀ ਵਸਤੂ ਧੂਪਬੱਤੀ ਹੈ। ਕਹੀਂ ਵਹ ਵਿਸ਼ੇਸ਼ ਸਥਾਨ ਪਰ ਸਥਿਰ ਹੋ ਕਰ ਜਲ ਰਹੀ ਹੈ, ਤੋਂ ਕਹੀ ਕਿਸੀ ਕੇ ਹਾਥ ਮੇਂ ਹੈ।"[1]

"ਵੇਦ ਕੇ ਅਨੇਕ ਮੰਤਰੋਂ ਮੇਂ ਉਸੇ ਪ੍ਰਾਪਤ ਕਰਨੇ ਕੀ ਲਾਲਸਾ ਭੀ ਵਰਣਿਤ ਹੈ। ਵੇਦ ਮੰਤਰੋਂ ਕੇ ਆਧਾਰ ਪਰ ਯਹ ਭੀ ਕਹਾ ਜਾਤਾ ਹੈ ਕਿ ਵੈਦਿਕ ਕਾਲ ਮੇਂ ਪ੍ਰਾਕ੍ਰਿਤਕ ਸ਼ਕਤੀਓਂ ਕੋ ਦਿਵਅਤਵ ਪ੍ਰਦਾਨ ਕੀਆ ਔਰ ਉਨਕੇ ਮਾਧਿਅਮ ਸੇ ਹੀ ਉਸ ਦੇਵ, ਮਹਾਂਦੇਵ ਕੀ ਸਤੁਤੀ, ਪ੍ਰਾਰਥਨਾ ਵਾ ਉਪਾਸਨਾ ਕੀ ਗਈ ਥੀ।"[2]

ਵੇਦਾਂ ਵਿਚ ਮੁੱਖ ਤੌਰ 'ਤੇ ਤਿੰਨ ਵਿਸ਼ਿਆਂ ਦਾ ਵਿਵੇਚਨ ਹੈ- (1) ਕਰਮ ਕਾਂਡ (2) ਗਿਆਨਕਾਂਡ (3) ਉਪਾਸਨਾ ਕਾਂਡ। "ਜੀਵਨ ਕੀ ਸਿੱਧੀ ਕੇ ਲੀਏ ਗਿਆਨ, ਕਰਮ ਏਵਮ ਉਪਾਸਨਾ ਕੇ ਤੀਨ ਮਾਰਗੋਂ ਕਾ ਵਿਧਾਨ ਕਿਆ ਗਿਆ ਹੈ। ਅਧਿਆਤਮ ਖੇਤਰ ਮੇਂ ਗਿਆਨ ਮਾਨਵ ਮਸਤਕ ਕਾ ਆਹਾਰ ਹੈ। ਕਰਮ ਉਸਕੀ ਪ੍ਰਾਣਸ਼ਕਤੀ ਹੈ ਔਰ ਉਪਾਸਨਾ ਯਾ ਭਕਤੀ ਉਸਕੇ ਹਿਰਦੇ ਕੀ ਵਿਸ਼ਰਾਮ ਸਥਲੀ ਹੈ, ਵੇ ਤੀਨੋਂ ਮਿਲਕਰ ਆਤਮਾ ਕੋ ਤ੍ਰਿਪਤੀ ਪ੍ਰਦਾਨ ਕਰਤੇ ਹੈਂ। ਭਾਰਤੀਏ ਧਰਮ ਸਾਧਨ ਕਾ ਯਹੀ ਮੂਲ ਪ੍ਰਤੀਪਾਧ ਹੈ।"[3]

ਉਚਤਮ ਜੀਵਨ ਜਾਚ ਵਿਚ ਗਿਆਨ, ਕਰਮ ਅਤੇ ਉਪਾਸਨਾ ਤਿੰਨਾਂ ਮਾਰਗਾਂ ਦਾ ਵਿਧਾਨ ਹੈ। ਅਧਿਆਤਮ ਦ੍ਰਿਸ਼ਟੀ ਨਾਲ ਦੇਖੀਏ ਤਾਂ ਗਿਆਨ ਹੀ ਸਾਡਾ ਸਹੀ ਮਾਰਗ ਦਰਸ਼ਨ ਕਰ ਸਕਦਾ ਹੈ ਅਤੇ ਗਿਆਨ ਦੇ ਸਹੀ ਮਾਰਗ ਦਰਸ਼ਨ ਲਈ ਕਰਮ ਇਕ ਸਾਧਨ ਹੈ ਅਤੇ ਉਪਾਸਨਾ ਹਿਰਦੇ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ। ਉਪਾਸਨਾ ਅਤੇ ਭਗਤੀ ਇਕ ਦੂਜੇ ਦੇ ਸਮਅਰਥਕ ਸ਼ਬਦ ਹਨ। ਵੇਦਾਂ ਵਿਚ ਜਿੱਥੇ ਭਗਤੀ ਜਾਂ ਉਪਾਸਨਾ ਦਾ ਵਿਧਾਨ ਹੈ ਉੱਥੇ ਹੀ ਯੱਗ ਦਾ ਵੀ ਉਲੇਖ ਹੈ ਜੋ ਕਿ ਇਕ ਪ੍ਰਕਾਰ ਨਾਲ ਉਪਾਸਨਾ ਦਾ ਹੀ ਦੂਸਰਾ ਰੂਪ ਹੈ। ਵੈਦਿਕ ਕਾਲ ਵਿਚ ਵੇਦ ਮੰਤਰਾਂ, ਸਲੋਕਾਂ ਦਾ ਪਾਠ ਸਹਿਸਵਰ ਅਤੇ ਲੈਅ ਬੱਧ ਕੀਤਾ ਜਾਂਦਾ ਸੀ।

ਭਗਤੀ ਦੇ ਸਾਧਨਾ ਜਿਵੇਂ ਕਿ ਸਤਿਸੰਗ, ਸ਼ਰਧਾ, ਨਾਮ ਜਾਪ, ਕੀਰਤਨ, ਉਸਤਤ-ਪ੍ਰਾਰਥਨਾ ਅਤੇ ਪਰਾਭਗਤੀ ਦੇ ਭਾਵਾਂ ਤੱਕ ਦਾ ਪ੍ਰਗਟਾਵਾ ਵੇਦਾਂ ਵਿਚ ਨਿਹਿਤ ਹੈ।

ਵੇਦ ਦੇ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ ਇਹ ਚਾਰ ਭਾਗ ਹਨ। ਇਨ੍ਹਾਂ ਨੂੰ ਰਿਕ ਸੰਹਿਤਾ, ਯਜੂ ਸੰਹਿਤਾ, ਅਥਰਵ ਸੰਹਿਤਾ, ਸਾਮ ਸੰਹਿਤਾ ਨਾਮਾਂ ਨਾਲ ਵੀ ਜਾਣਿਆ ਜਾਂਦਾ ਹੈ। ਬ੍ਰਾਹਮਣ

---

[1] ਹਰੀ, ਵਿਯੋਗ (ਸੰਪਾ.), ਹਮਾਰੀ ਪਰੰਪਰਾ, ਪੰਨਾ 15.
[2] ਬਲਦੇਵ ਕਿਸ਼ਨ ਐਮ.ਏ (ਪ੍ਰੋ.), ਪ੍ਰਾਚੀਨ ਭਾਰਤੀਏ ਸੰਸਕ੍ਰਿਤੀ, ਪੰਨਾ 116.
[3] ਜਯਾਰਾਮਨ, ਪੀ. (ਡਾ.), ਭਗਤੀ ਕੇ ਆਯਾਮ, ਪੰਨਾ 25.

ਗ੍ਰੰਥਾਂ ਵਿਚ ਵੇਦਾਂ ਦੇ ਲਈ 'ਤਰਈ' ਸ਼ਬਦ ਦਾ ਵੀ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਵਿਚ ਰਿਕ, ਯਜੂ ਅਤੇ ਸਾਮ ਦਾ ਹੀ ਵਰਨਣ ਮਿਲਦਾ ਹੈ। ਅਥਰਵੇਦ ਦਾ ਉਲੇਖ ਨਹੀਂ ਹੈ।

"विद्यन्ते ज्ञायन्ते लभ्यन्ते वा एभिधर्मादि पुरुशार्थ इति वेद"

ਅਰਥਾਤ ਧਰਮ, ਕਰਮ, ਅਰਥ, ਮੋਕਸ਼, ਪੁਰਸ਼ਾਰਥ ਜਿਸਦੇ ਦੁਆਰਾ ਜਾਣੇ ਜਾਂਦੇ ਹਨ। ਉਹ ਵੇਦ ਹੈ। ਸਭ ਤੋਂ ਪਹਿਲੀ ਪੁਸਤਕ ਦਾ ਲੇਖਨ ਜੋ ਕਿ ਵੇਦਾਂ ਦੇ ਰੂਪ ਵਿਚ ਹੋਇਆ, ਭਾਰਤ ਦੀ ਪਵਿੱਤਰ ਭੂਮੀ 'ਤੇ ਹੋਇਆ। ਆਰੀਆ ਲੋਕਾਂ ਨੂੰ ਵੇਦਾਂ ਦੇ ਰਚਨਾਹਾਰ ਮੰਨਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਰੀਆ ਲੋਕ ਭਾਰਤ ਦੇ ਮੂਲ ਨਿਵਾਸੀ ਨਹੀਂ ਸੀ। ਭਾਰਤ ਦੇ ਮੂਲ ਨਿਵਾਸੀ ਦ੍ਰਾਵਿੜ ਸਨ। ਪਰ ਆਮ ਇਹ ਧਾਰਨਾ ਹੈ ਜਾਂ ਆਮ ਵਿਦਵਾਨਾਂ ਜਾਂ ਸਾਹਿਤਕਾਰਾਂ ਦਾ ਮਤ ਹੈ ਕਿ ਆਰੀਆ ਲੋਕ ਭਾਰਤ ਦੇ ਮੂਲ ਨਿਵਾਸੀ ਸਨ। ਇਹ ਲੋਕ ਆਪਣੀ ਤੇਜ਼ ਬੁੱਧੀ ਅਤੇ ਪ੍ਰਗਤੀ ਦੇ ਲਈ ਸਦਾ ਹੀ ਪਹਿਚਾਣੇ ਜਾਂਦੇ ਹਨ। ਇਹਨਾਂ ਦੁਆਰਾ ਹੀ ਸਭ ਤੋਂ ਪ੍ਰਾਚੀਨ ਅਤੇ ਪਵਿੱਤਰ ਵੇਦ ਦੀ ਰਚਨਾ ਕੀਤੀ ਗਈ।

"ਯਹ ਕੋਈ ਵਿਸ਼ੇਸ਼ ਗ੍ਰੰਥ ਨਾ ਹੋਕਰ ਉਸ ਸਮਸਤ ਸਾਹਿਤਯ ਕਾ ਨਾਮ ਹੈ ਜੋ ਕਈ ਵਿਦਵਾਨੋਂ ਕੇ ਮਤਅਨੁਸਾਰ ਤੀਨ ਚਾਰ ਹਜ਼ਾਰ ਵਰਸ਼ੋਂ ਮੇਂ ਰਚਾ ਗਆ। ਇਸਮੇਂ ਆਰਿਓਂ ਕੇ ਧਾਰਮਿਕ ਵਿਸ਼ਵਾਸੋਂ, ਰੀਤੀ ਰਿਵਾਜੋਂ, ਅਨੁਸ਼ਠਾਨੋਂ ਔਰ ਦਾਰਸ਼ਨਿਕ ਸਿਧਾਂਤੋਂ ਕਾ ਭੀ ਵਰਨਣ ਹੈ।"[1]

"ਭਾਰਤੀ ਚਿੰਤਨ ਦੇ ਉਦਭਵ ਤੇ ਵਿਕਾਸ ਸੰਬੰਧੀ ਭਾਵੇਂ ਕਈ ਪੱਖ ਪੇਸ਼ ਕੀਤੇ ਜਾਂਦੇ ਹਨ ਪਰੰਤੂ ਆਰੀਆ ਵਿਚ ਇਸਦੇ ਮੂਲ ਬੀਜ ਵਿਦਮਾਨ ਸਨ ਅਤੇ ਅੰਸ਼ਕ ਰੂਪ ਵਿਚ ਭਾਰਤੀ ਚਿੰਤਨ ਦੇ ਵਿਵਿੱਧ ਰੂਪ ਵੈਦਿਕ ਕਾਲ ਤੋਂ ਹੀ ਪ੍ਰਵਾਹਮਾਨ ਸਨ। ਇਸ ਧਾਰਨਾ ਨੂੰ ਸਵੀਕਾਰ ਕਰਦੇ ਹਨ ਕਿ ਭਗਤੀ ਧਰਮ ਸਾਧਨਾ ਦਾ ਮੂਲ ਸ੍ਰੋਤ ਵੇਦ ਹੀ ਬਣਦੇ ਹਨ।"[2] ਵੈਦਿਕ ਕਾਲ ਵਿਚ ਹੀ ਭਗਤੀ ਤੇ ਸੰਗੀਤ ਦੀ ਪ੍ਰਮਾਣਿਕਤਾ ਵੇਦਾਂ ਤੋਂ ਮਿਲਦੀ ਹੈ। ਸੰਗੀਤ ਦਾ ਸ਼ਾਸਤਰੀ ਸਵਰੂਪ ਵੀ ਵੇਦਾਂ ਵਿਚ ਨਿਹਿਤ ਹੈ। ਮਨੁੱਖ ਦੀ ਹੋਂਦ ਦੇ ਨਾਲ ਹੀ ਸੰਗੀਤ ਦਾ ਆਗਮਨ ਵੀ ਇਸ ਧਰਤੀ ਤੇ ਹੋਇਆ।

ਵੇਦਾਂ ਵਿਚ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਦੇਵੀ ਰੂਪ ਮੰਨ ਕੇ ਉਨ੍ਹਾਂ ਦੀ ਉਪਾਸਨਾ ਦੇ ਅਨੇਕ ਸੰਗੀਤਕ ਮੰਤਰ ਮਿਲਦੇ ਹਨ।

''इन्द्र मित्रं वरुणमग्निमाहुरथो दिव्यस्स सुवर्णें गरुऊत्मान्।
पकंसद्विप्रा बहुधा वदन्त्याग्नि यमं मातारिश्वानमाहु।''

(ऋग्वेद 1–2/161–64)

ਵੈਦਿਕ ਕਾਲ ਵਿਚ ਆਸਤਿਕ ਭਾਵ ਨਾਲ ਈਸ਼ਵਰ ਉਪਾਸਨਾ ਕਰਨ ਵਾਲੇ ਲੋਗਾਂ ਵਿਚ ਭਗਤੀ ਦੇ ਮੂਲ ਤੱਤ ਮੌਜੂਦ ਸਨ।

---

[1] ਹਰਿ, ਵਿਯੋਗੀ (ਸੰਪਾ.), ਹਮਾਰੀ ਪਰੰਪਰਾ, ਪੰਨਾ 19.
[2] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ-ਜੂਨ 1985, ਪੰਨਾ 47.

"ਚਾਰੋਂ ਵੇਦੋ ਸੇ ਸੰਬੰਧਿਤ ਬ੍ਰਾਹਮਣ ਗ੍ਰੰਥੋਂ ਮੇਂ ਭੀ ਭਗਤੀ ਭਾਵਨਾ ਕੀ ਅਭਿਵਿਅਕਤੀ ਵਿਪੁਲ ਮਾਤਰਾ ਮੇਂ ਹੂਈ ਹੈ ਜੋ ਵੈਦਿਕ ਆਰੀਆ ਕੀ ਅਪਨੇ ਅਰਾਧਿਆ ਕੇ ਪ੍ਰਤੀ ਰਾਮਮੂਲਕ ਭਗਤੀ ਭਾਵਨਾ ਕਾ ਸਮਅਕ ਪ੍ਰਤੀਪਾਦਨ ਕਰਤੀ ਹੈ।"[1]

ਵੇਦਾਂ ਵਿਚ ਕਰਮ ਅਤੇ ਗਿਆਨ ਪ੍ਰਕਾਸ਼ਮਾਨ ਹੈ। ਇਸੇ ਤਰ੍ਹਾਂ ਹੀ ਵੇਦਾਂ ਵਿਚ ਭਗਤੀ ਤੇ ਸੰਗੀਤ ਸਮਾਜਿਕ ਅਤੇ ਆਰਥਿਕ ਜੀਵਨ ਤੇ ਅਤੇ ਥੋੜ੍ਹਾ ਬਹੁਤ ਰਾਜਨੀਤਕ ਜੀਵਨ ਤੇ ਵੀ ਚਾਨਣਾ ਪਾਇਆ ਹੈ।

"ਸਤ ਪਥ ਬ੍ਰਾਹਮਣ, ਗੀਤਾ, ਅਮਰ ਕੋਸ਼ ਅਤੇ ਬੁਧਮਤ ਦੇ ਗ੍ਰੰਥਾਂ ਵਿਚ ਵੇਦਾਂ ਵਿਚ ਤਿੰਨ (त्रय) ਸ਼ਬਦ ਵਰਤਿਆ ਹੈ। ਜਿਸਦਾ ਭਾਵ ਇਹ ਹੈ ਕਿ ਵੇਦ ਤਿੰਨ ਹਨ- ਅਰਥਾਤ ਰਿਗ, ਯਜੁਰ ਤੇ ਸਾਮ। ਪਿਛੋਂ ਅਥਰਵ ਦੇ ਨਾਲ ਮਿਲਾਣ ਕਰਕੇ ਚਾਰ ਹਨ, ਪਰ ਤ੍ਰੈਅ ਤੋਂ ਭਾਵ ਲਿਖਤ ਦੇ ਤਿੰਨ ਭਾਗ ਹਨ: (1) ਗਦਯ ਜਾਂ ਨਸਰ (Proes), (2) ਪਦਯ, ਛੰਦ ਬੰਦੀ ਜਾਂ ਕਾਵਿ (Poetry), (3) ਗੀਤ (Songs) ਰਿਗਵੇਦ ਕਵਿਤਾ ਹੈ। ਯਜੁਰ, ਨਸਰ ਅਤੇ ਸਾਮ ਗੀਤ ਹੈ। ਚੂੰਕਿ ਲਿਖਤ ਦਾ ਚੌਥਾ ਕੋਈ ਢੰਗ ਨਹੀਂ ਹੈ, ਇਸ ਲਈ ਵੇਦ ਭਾਵੇਂ ਚਾਰ ਹਨ, ਪਰ ਰਚਨਾ (Composition) ਤਿੰਨ ਤਰ੍ਹਾਂ ਦੀ ਹੋਣ ਕਰਕੇ ਇਹਨਾਂ ਨੂੰ ਤ੍ਰੈਅ ਕਿਹਾ ਗਿਆ ਹੈ।"[2] ਵੈਦਿਕ ਯੁੱਗ ਵਿਚ ਸੰਗੀਤ ਨੂੰ ਪੂਰਨ ਰੂਪ ਵਿਚ ਧਰਮ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਅਸੀਂ ਅੱਜ ਵੀ ਪ੍ਰਾਚੀਨ ਸੰਗੀਤ ਦੇ ਸ਼ੁਧ ਰੂਪ ਨੂੰ ਦੇਖ ਸਕਦੇ ਹਾਂ। ਵੈਦਿਕ ਕਾਲ ਵਿਚ ਮਨੁੱਖੀ ਵਿਕਾਸ ਦੇ ਨਾਲ-ਨਾਲ ਹੀ ਸੰਗੀਤ ਦਾ ਵਿਕਾਸ ਵੀ ਧਰਮ ਦੀ ਆੜ ਵਿਚ ਸ਼ੁੱਧ ਅਤੇ ਪਵਿੱਤਰ ਰਿਹਾ।

### 1.3.1.1 ਰਿਗਵੇਦ

ਰਿਗਵੇਦ ਵੇਦਾਂ ਵਿਚ ਸਭ ਤੋਂ ਪੁਰਾਤਨ ਹੈ। ਰਿਗ ਸੰਸਕ੍ਰਿਤ ਦੇ ਰਿਗ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਉਸਤਤੀ ਕਰਨਾ। "'ਰਿਕ' ਸ਼ਬਦ ਕਾ ਮੂਲ ਅਰਥ ਹੈ, ਜਿਸਕੀ ਸਤੁਤੀ ਕੀ ਜਾਇ 'ਰਿਚ ਸਤੁਤੇ' ਧਾਤੂ ਸੇ ਯਹ ਬਨਾ ਹੈ। ਇਸ ਲੀਏ ਰਿਚਾ ਯਾ ਸੂਕਤ ਮੇਂ ਯਹ ਜਿਸ ਵਿਸ਼ੇ ਜਾਂ ਪਦਾਰਥ ਕੀ ਸਤੁਤੀ, ਵਰਨਣ ਜਾਂ ਪ੍ਰਤਿਪਾਦਨ ਹੋਤਾ ਹੈ, ਉਸਕਾ ਵਹ 'ਦੇਵਤਾ' ਕਹਿਲਾਤਾ ਹੈ। ਇਸ ਪ੍ਰੀਭਾਸ਼ਿਕ ਅਰਥ ਕੇ ਕਾਰਣ ਦੇਵਤਾ ਰੂਪ ਸੇ ਪ੍ਰਸਿੱਧ ਇੰਦਰ, ਵਰਣ, ਅਗਨੀ ਆਦਿ ਕੇ ਸਾਥ ਸੂਕਤੋਂ ਮੇਂ ਵਰਨਣ ਕੀਏ ਗਏ ਗਿਆਨ, ਸੰਗਿਆਨ, ਕਰਿਸ਼ੀ, ਅਕਸ਼ ਆਦਿ ਕੋ ਭੀ ਉਨਕਾ ਦੇਵਤਾ ਕਹਾ ਹੈ।"[3]

ਰਿਗਵੇਦ ਵਿਚ ਅਗਨੀ, ਸੂਰਜ, ਇੰਦਰ ਦੇਵਤਿਆਂ ਦੀ ਉਸਤਤੀ ਦਾ ਵਰਨਣ ਹੈ ਪਰ ਰਿਗਵੇਦ ਦੇ ਅੰਤ ਵਿਚ ਇਕੀਸ਼ਰਵਾਦੀ ਸਿਧਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। "ਅਗਨੀ, ਸੂਰਜ, ਇੰਦਰ ਮੁਖੀ ਦੇਵਤਾ ਹਨ, ਪਰ ਅੰਤਮ ਭਾਗ ਵਿਚ ਬਹੁਤੇ ਦੇਵਤਿਆਂ ਦੀ ਪੂਜਾ ਦੀ ਥਾਂ ਇਕ ਦੇਵ ਦੀ ਪੂਜਾ ਵੱਲ ਰੁਚੀ ਬਦਲੀ ਹੋਈ ਦੇਖਦੇ ਹਾਂ। ਦੇਵ-ਪੂਜਾ ਵਿਚ ਇਸ ਪ੍ਰਕਾਰ ਤਬਦੀਲੀ ਵੇਖਦੇ ਹਾਂ ਕਿ ਬ੍ਰਾਹਮਣ ਇਕ ਹੀ ਦੇਵਤਾ ਨੂੰ ਅਗਨਿ, ਯਮ ਤੇ ਸੂਰਜ ਕਹਿੰਦੇ ਹਨ।"[4] (ਰਿਗ 1-16-4-46)

---

[1] ਜਯਾਰਾਮਨ ਪੀ. (ਡਾ.), ਭਗਤੀ ਕੇ ਆਯਾਮ, ਪੰਨਾ 36.
[2] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 25-26.
[3] ਹਰਿ, ਵਿਯੋਗੀ (ਸੰਪਾ.), ਹਮਾਰੀ ਪਰੰਪਰਾ, ਪੰਨਾ 127.
[4] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 28.

ਵਾਸਤਵ ਵਿਚ ਭਾਰਤੀ ਭਗਤੀ ਸੰਪ੍ਰਦਾ ਦਾ ਮੂਲ ਸਰੋਤ ਰਿਗਵੇਦ ਹੈ। ਰਿਗਵੇਦ ਕਾਲ ਵਿਚ ਸੰਗੀਤ ਆਪਣੀ ਉੱਚ ਅਤੇ ਅਧਿਆਤਮ ਅਵਸਥਾ ਤੇ ਪਹੁੰਚ ਚੁੱਕਾ ਸੀ। ਹਰੇਕ ਪਰਿਵਾਰ ਵਿਚ ਸੰਗੀਤ ਨੂੰ ਮਾਣ ਦਿੱਤਾ ਜਾਂਦਾ ਸੀ। ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਹਰੇਕ ਪਰਿਵਾਰ ਵਿਚ ਸੰਗੀਤ ਦੀ ਅੱਛੀ ਪ੍ਰਤਿਸ਼ਠਾ ਸੀ। "ਸਵੇਰੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਘਰ ਦੀਆਂ ਸਾਰੀਆਂ ਨਾਰੀਆਂ, ਬੁੱਢੇ, ਬੱਚੇ ਸਭ ਇਕ ਜਗ੍ਹਾ ਤੇ ਇਕੱਠੇ ਹੋ ਕੇ ਪੂਜਾ ਕਰਦੇ ਸਨ, ਉਨ੍ਹਾਂ ਦਾ ਗਾਣਾ ਵਜਾਉਣਾ, ਤਾਲ ਅਤੇ ਸੁਰ ਵਿਚ ਹੁੰਦਾ ਸੀ। ਰਿਗਵੇਦ ਕਾਲ ਵਿਚ ਹਰ ਘਰ ਸੰਗੀਤ ਕੇਂਦਰ ਬਣਿਆ ਹੋਇਆ ਸੀ।"[1]

"ਇਸ ਵੇਦ ਮੇਂ ਮ੍ਰਿਦੰਗ, ਵੀਣਾ, ਵੰਸ਼ੀ, ਡਮਰੂ ਆਦਿ ਵਾਦ ਯੰਤਰੋਂ ਕਾ ਵਰਨਣ ਮਿਲਤਾ ਹੈ। ਵੈਦਿਕ ਕਾਲ ਮੇਂ ਸੰਗੀਤ ਗਾਇਨ ਕੇ ਸਾਥ ਸਾਥ ਨ੍ਰਿਤ ਕਲਾ ਭੀ ਪ੍ਰਚਲਿਤ ਥੀ। ਇਸ ਕਾ ਪ੍ਰਮਾਣ ਰਿਗਵੇਦ ਕੇ (5/33/6) ਮੇਂ ਆਇਆ ਹੈ।"[2]

ਉਮੇਸ਼ ਜੋਸ਼ੀ ਨੇ "The Chapters of Indian Music" ਕਿਤਾਬ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ, "ਰਿਗਵੇਦ ਕਾਲ ਕੇ ਸੰਗੀਤ ਕੀ ਬਾਗਡੋਰ ਮੁਖਯ ਰੂਪ ਸੇ ਬ੍ਰਾਹਮਣੋਂ ਕੇ ਹਾਥ ਮੇਂ ਥੀ, ਬ੍ਰਾਹਮਣ ਹੀ ਸੰਗੀਤ ਕਾ ਗਿਆਨ ਸਰਵ ਸਾਧਾਰਨ ਕੋ ਦੀਆ ਕਰਤੇ ਥੇ। ਇਸ ਯੁੱਗ ਮੇਂ ਹਮੇ ਗਾਇਕ, ਵਾਦਕ ਏਵਮ ਨਰਤਕ ਤੀਨੋਂ ਪ੍ਰਕਾਰ ਕੇ ਕਲਾਕਾਰ ਮਿਲਤੇ ਹੈਂ। ਵਾਸਤਵ ਮੇਂ ਇਸ ਯੁੱਗ ਮੇਂ ਸੰਗੀਤ ਕੇ ਤੀਨੋਂ ਉਪਕਰਣੋਂ ਕੀ ਉਨਤੀ ਹੁਈ।"[3]

### 1.3.1.2 ਸਾਮਵੇਦ

"ਸਾਮ ਦਾ ਅਰਥ ਹੈ ਸਮਾਨ ਤੁਲ ਜਾਂ ਬਰਾਬਰ ਵਜਨ ਦਾ। ਇਸ ਵੇਦ ਦੇ ਮੰਤਰ ਇਕ ਵਜ਼ਨ ਵਿਚ ਹਨ, ਇਸ ਲਈ ਇਸ ਨੂੰ ਸਾਮ ਕਹਿੰਦੇ ਹਨ।"[4]

ਸਾਮਵੇਦ ਗਾਏ ਜਾਣ ਦੇ ਕਾਰਨ ਪ੍ਰਸਿੱਧ ਹੈ। ਸਾਮ ਸ਼ਬਦ ਦਾ ਮੂਲ ਅਰਥ ਗਾਨ ਹੈ। "ਸਵਰ ਤਥਾ ਸ਼ਬਦ ਕਾ ਸੁਮੇਲ 'ਸਾਮ' ਕਹਲਾਤਾ ਥਾ। ਸਾਮ ਕਿਸੀ ਸਵਰਾਵਲੀ ਕੇ ਪ੍ਰਾਇਵਾਚੀ ਸ਼ਬਦ ਕੋ ਕਹਾ ਜਾ ਸਕਦਾ ਹੈ। ਇਸਮੇਂ ਸਮੂਹ ਵ ਏਕਤਰ ਗੀਤ ਭੀ ਆਤਾ ਹੈ।"[5] ਜੈਮਿਨੀ ਸੂਤਰ ਵਿਚ ਲਿਖਿਆ ਹੈ ਕਿ ਗਾਉਣ ਦੀ ਰੀਤੀ ਦਾ ਨਾਂ ਸਾਮ ਹੈ।

''केचिद् ऋचः समुदचारयन केचित्
यजूण्यपठन – साम गायन् विस्वरमकरोतू ।।''[6]

ਰਿਚਾਵਾਂ ਨੂੰ ਉਚਾਰਨ ਕਰਨਾ, ਯਜੁਰ ਮੰਤਰ ਨੂੰ ਪੜਨਾ ਅਤੇ ਸਾਮ ਨੂੰ ਗਾਉਣ ਦਾ ਜ਼ਿਕਰ ਮਿਲਦਾ ਹੈ। ਸਾਮ ਨੂੰ ਗਾਇਨ ਦਾ ਗ੍ਰੰਥ ਵੀ ਕਿਹਾ ਜਾਂਦਾ ਹੈ ਕਿਉਂਕਿ ਇਸਦੇ ਸਾਰੇ ਸਲੋਕ ਸਵਰ ਸਹਿਤ ਗਾਏ ਜਾਂਦੇ ਹਨ। "ਸਾਮਵੇਦ ਵਿਚ ਗਾਏ ਜਾਣ ਵਾਲੇ ਛੰਦਾਂ ਦੇ ਨਾਲ ਹੀ ਸੰਗੀਤ ਦੀ ਉਤਪਤੀ ਹੁੰਦੀ ਹੈ। ਸੰਸਾਰ ਦੇ

---

[1] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 9.
[2] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 81.
[3] ਉਹੀ, ਪੰਨਾ 78.
[4] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 36.
[5] ਮਿੱਤਲ, ਅੰਜਲੀ, ਭਾਰਤੀਏ ਸੰਸਕ੍ਰਿਤੀ ਏਵਮ ਸੰਗੀਤ, ਪੰਨਾ 56.
[6] ਅਗਰਵਾਲ (ਡਾ.), ਹਰਸ਼ ਚਰਿਤ ਸਾਂਸਕ੍ਰਿਤਕ ਅਧਿਐਨ, ਪ੍ਰਥਮ ਛਵਾਸ, ਪੰਨਾ 27.

ਅਨੇਕ ਮਹਾਤਮਾਵਾਂ, ਨਿਰਗੁਣ ਅਤੇ ਸਰਗੁਣ ਸੰਤਾਂ ਨੇ ਸੰਗੀਤ ਨੂੰ ਰੱਬੀ ਮਾਧਿਅਮ ਦੇ ਰੂਪ ਵਿਚ ਸਵੀਕਾਰਿਆ ਹੈ। ਇਨ੍ਹਾਂ ਭਗਤਾਂ ਨੇ ਆਪਣੀ ਭਾਵਨਾ, ਅਰਾਧਨਾ ਅਤੇ ਉਪਾਸਨਾ ਨੂੰ ਪ੍ਰਗਟਾਉਣ ਵਾਸਤੇ ਸੰਗੀਤ ਨੂੰ ਮਾਧਿਅਮ ਬਣਾਇਆ।"[1]

"ਰਿਗਵੇਦ ਕੀ ਜਟਿਲਤਾਓਂ ਕੋ ਗਾਨ ਕ੍ਰਿਆ ਦੁਆਰਾ ਵਿਅਕਤ ਕਰਨਾ ਹੀ ਸਾਮਵੇਦ ਕਾ ਦੇਯਹ ਹੈ, ਜਬਕਿ ਦੋਨੋਂ ਕਾ ਲਕਸ਼ ਸ੍ਰਿਸ਼ਟੀ ਔਰ ਸ੍ਰਿਸ਼ਟੀ ਕਰਤਾ ਕੀ ਉਪਾਸਨਾ ਕਰਨਾ ਹੀ ਹੈ।"[2] ਸਾਮਵੇਦ ਸੰਗੀਤ ਦਾ ਸੰਬੰਧ ਆਦਿ ਕਾਲੀਨ ਤੋਂ ਹੀ ਰਿਹਾ ਹੈ। ਸੰਗੀਤ ਦਾ ਜਨਮ ਹੀ ਭਗਤੀ ਉਪਾਸਨਾ ਦੇ ਲਈ ਹੋਇਆ ਹੈ। ਸਾਮਵੇਦ ਮੰਤਰਾਂ ਦੇ ਗਾਇਨ ਦੀ ਪ੍ਰਥਾ ਦੇ ਕਾਰਨ ਸੰਗੀਤ ਦੀ ਮਹਾਨਤਾ ਦੇ ਉੱਚ ਸਿਖਰ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। "ਇਸ ਕਾਲ ਮੇਂ ਵੇਦ ਮੰਤਰੋਂ ਕਾ ਗਾਨ ਸੰਗੀਤਮਇ ਹੋਤਾ ਥਾ। ਪ੍ਰਤੇਕ ਪਰਿਵਾਰ ਮੇਂ ਈਸ਼ਵਰ ਉਪਾਸਨਾ ਹੋਤੀ ਥੀ। ਯਹ ਉਪਾਸਨਾ ਵੇਦ ਮੰਤਰੋਂ ਕੇ ਗਾਨ ਦੁਆਰਾ ਕੀ ਜਾਤੀ।"[3]

ਸਾਮਵੇਦ ਵਿਚ ਕੁਲ 1549 ਮੰਤਰ ਹਨ ਜਿਨ੍ਹਾਂ ਵਿਚੋਂ ਸਿਰਫ਼ 75 ਨੂੰ ਛੱਡ ਕੇ ਬਾਕੀ ਸਾਰੇ ਹੀ ਰਿਗਵੇਦ ਵਿਚੋਂ ਲਏ ਗਏ ਹਨ। "ਪੰਡਿਤ ਜੈ ਦੇਵ ਨੇ ਆਪਣੇ ਟੀਚੇ ਵਿਚ 1875 ਮੰਤਰ ਲਿਖੇ ਹਨ। ਕਈ ਵਿਦਵਾਨਾਂ ਦੀ ਰਾਇ ਹੈ ਕਿ ਸਾਮ ਦੇ ਕੁਲ ਅਸਲੀ ਮੰਤਰ 75 ਹਨ, ਹੋਰ ਵਾਧੂ ਮੰਤਰ ਰਿਗ ਵਿਚੋਂ ਲਏ ਗਏ ਹਨ।"[4]

ਸਾਹਿਤਕ ਮੁਲਾਂਕਣ ਨਾਲ ਸਾਮਵੇਦ ਦਾ ਆਪਣਾ ਕੋਈ ਸੁਤੰਤਰ ਰੂਪ ਨਹੀਂ ਬਲਕਿ ਰਿਗਵੇਦ ਦਾ ਹੀ ਰੂਪਾਂਤਰ ਹੈ।

"ਵੈਦਿਕ ਕਾਲ ਮੇਂ ਉਦਾਤ ਅਨੁਦਾਤ ਔਰ ਸਵਰਿਤ ਤੀਨ ਮੁੱਖ ਸਵਰ ਥੇ। ਇਨਹੇਂ ਪਹਚਾਨਨੇ ਕੇ ਲਿਏ ਕੁਛ ਚਿਨ੍ਹ ਲਗੇ ਰਹੇ ਥੇ। ਯੇ ਚਿੰਨ੍ਹ ਸਬ ਵੇਦੋਂ ਕੇ ਸਮਾਨ ਨਹੀਂ ਥੇ। ਰਿਗਵੇਦ, ਅਥਰਵਵੇਦ ਔਰ ਕ੍ਰਿਸ਼ਵ ਯਜੁਰਵੇਦ ਕੀ ਕਾਠਕ ਔਰ ਮੈਤ੍ਰਾਯਵੀ ਸ਼ਾਖਓ ਕੇ ਚਿੰਨ ਅਪਨੇ-ਅਪਨੇ ਸਵਤੰਤਰ ਹੈਂ। ਰਿਗਵੇਦ ਮੇਂ ਉਦਾਤ ਪਰ ਕੋਈ ਚਿੰਨ੍ਹ ਨਹੀਂ ਲਗਾਇਆ ਜਾਤਾ। ਅਨੁਦਾਤ ਕੇ ਨੀਚੇ ਏਕ ਬੜੀ ਰੇਖਾ ਲਗਾਈ ਜਾਤੀ ਹੈ।"[5]

ਵੈਦਿਕ ਯੁਗ ਦੇ ਆਰੰਭ ਵਿਚ ਕੇਵਲ ਇਕ ਸਵਰ ਦੇ ਅੰਤਰਗਤ ਹੀ ਸਾਮ ਗਾਨ ਹੁੰਦਾ ਸੀ। ਹੋਲੀ-ਹੋਲੀ ਦੋ ਫਿਰ ਤਿੰਨ ਸਵਰਾਂ ਅਤੇ ਫਿਰ ਚਾਰ ਸਵਰਾਂ ਦਾ ਪ੍ਰਯੋਗ ਸ਼ੁਰੂ ਹੋਇਆ। "ਵੈਦਿਕ ਕਾਲ ਦੇ ਉਪਰੋਕਤ ਚੋਹਾਂ ਸੁਰਾਂ ਦੇ ਨਾਮ 1. ਪ੍ਰਿਥਮਾ, 2. ਦੈਵਤੀਆ, 3. ਤ੍ਰਿਤੀਆ, 4. ਚਤੁਰਥਾ ਕਰਕੇ ਲਿਖੇ ਮਿਲਦੇ ਹਨ। ਇਹ ਵੀ ਦੱਸਿਆ ਹੈ ਕਿ ਇਨ੍ਹਾਂ ਦੀ ਵਰਤੋਂ ਅਵਰੋਹ ਅਨੁਸਾਰ ਹੁੰਦੀ ਸੀ ਕਿਉਂਕਿ ਗੰਧਾਰ (ਗ) ਹੀ ਮੁਢਲਾ ਸਵਰ ਸੀ। ਇਸ ਕਰਕੇ ਗੰਧਾਰ ਗ੍ਰਾਮ ਹੀ ਮੁਢਲਾ ਗ੍ਰਾਮ ਬਣਿਆ।"[6]

---

[1] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ, ਜੂਨ 1985, ਪੰਨਾ 193.
[2] ਸ਼ਰਮਾ, ਸੁਨੀਤਾ (ਡਾ.), ਭਾਰਤੀਏ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ), ਪੰਨਾ 48.
[3] ਬਾਵਰਾ, ਜੋਗਿੰਦਰ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 6.
[4] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 36.
[5] ਸ਼ਰਮਾ, ਭਗਵਤ ਸ਼ਰਣ, ਭਾਰਤੀਏ ਇਤਿਹਾਸ ਮੇਂ ਸੰਗੀਤ, ਪੰਨਾ-8.
[6] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 20.

ਸਾਮਗਾਨ ਦਾ ਦੇਵਤਿਆਂ ਦੀ ਪੂਜਾ ਅਰਚਨਾ ਅਤੇ ਯੱਗ ਆਦਿ ਵਿਚ ਸਰਵੋਤਮ ਸਥਾਨ ਰਿਹਾ ਹੈ। ਸਾਮਗਾਨ ਦੀ ਸੰਗੀਤਕ ਪਿੱਠ ਭੂਮੀ ਬਹੁਤ ਪਵਿੱਤਰ ਤੇ ਉੱਚ ਸੀ।

"ਵੇਦ ਮੰਤਰੋਂ ਕਾ ਗਾਇਨ ਤੀਨ ਸਵਰੋਂ ਮੇਂ ਹੀ ਹੋਨੇ ਸੇ ਲੋਗ ਇਸ ਸਵਰ ਲਹਰੀ ਕੇ ਤੀਨ ਸਵਰ ਹੀ ਮਾਨਤੇ ਥੇ, ਪਰੰਤੂ ਮਹਾਂਰਿਸ਼ੀ ਪਾਨਿਨੀ ਦੁਆਰਾ ਇਨਹੇਂ ਤੀਨ ਪ੍ਰਕਾਰ ਕੇ ਸਵਰ ਕਹਾ ਗਆ ਜਿਸਕੇ ਆਧਾਰ ਪਰ ਉਦਾਤ ਕੇ ਗੰਧਾਰ ਔਰ ਨਿਸ਼ਾਦ, ਅਨੁਦਾਤ ਕੇ ਰਿਸ਼ਭ ਔਰ ਧੈਵਤ ਔਰ ਸਵਰਿਤ ਕੇ ਸੜਜ, ਮੱਧਿਅਮ ਔਰ ਪੰਚਮ ਸਵਰ ਪ੍ਰਗਟ ਹੂਏ।"[1] "ਸਾਮਵੇਦ ਦਾ ਗਾਇਨ ਸੱਤ ਸੁਰ ਅੰਤਰ ਵਿਚ ਕੀਤਾ ਜਾਂਦਾ ਸੀ। ਭਾਵ ਇਹ ਹੈ ਕਿ ਵੈਦਿਕ ਕਾਲ ਵਿਚ ਹੀ ਸੱਤ ਸੁਰ ਹੋਂਦ ਵਿਚ ਆ ਚੁੱਕੇ ਸਨ।"[2]

ਹੋਲੀ-ਹੋਲੀ ਸਵਰਾਂ ਦੀ ਗਿਣਤੀ ਸੱਤ ਹੋ ਗਈ ਜੋ ਕ੍ਰਮਵਾਰ ਆਰਚਿਕ (ਇਕ ਸਵਰ) ਗਾਥਿਕ (ਦੋ ਸਵਰ) ਸਾਮਿਕ (ਤਿੰਨ ਸਵਰ) ਸਵਰਾਂਤਰ (ਚਾਰ ਸਵਰ) ਔਡਵ (ਪੰਜ ਸਵਰ) ਛਾਡਵ (ਛੇ ਸਵਰ) ਅਤੇ ਸੰਪੂਰਨ (ਸੱਤ ਸਵਰ) ਹੈ। ਪਰ ਵੈਦਿਕ ਕਾਲ ਵਿਚ ਹੀ ਸਾਮਗਾਨ ਸੱਤ ਸਵਰਾਂ ਤੇ ਆਧਾਰਿਤ ਗਾਇਨ ਦੀ ਪਰੰਪਰਾ ਸੀ। ਇਸ ਦਾ ਪ੍ਰਮਾਣ ਇਸ 'ਸ਼ਲੋਕ' ਦੁਆਰਾ ਮਿਲਦਾ ਹੈ।

''सत्य स्वरास्तु गीयंते, सामभि : सामगैबुधै।''[3]

माण्डूक्य शिक्षा

### 1.3.1.3 ਯਜੁਰਵੇਦ

ਯਜੁਰ 'ਯਜੁ' ਧਾਤੂ ਤੋਂ ਬਣਿਆ ਹੈ ਜਿਸਦੇ ਅਰਥ ਹਨ ਯੱਗ ਕਰਨਾ, ਪੂਜਾ ਆਦਿ। ਯਜੁਰ ਵੇਦ ਨੂੰ 'ਅਥਵਰ ਵੇਦ' ਵੀ ਕਿਹਾ ਜਾਂਦਾ ਹੈ। ਯਜੁਰ ਵੇਦ ਦੀਆਂ ਦੋ ਸੰਹਿਤਾਵਾਂ ਹਨ।

1) ਵਾਜਸਨੇਯੀ ਜਾ ਸ਼ੁਕਲ ਯਜੁਰਵੇਦ
2) ਤ੍ਰੈਤੀਯ ਜਾਂ ਕ੍ਰਿਸ਼ਨ ਯਜੁਰਵੇਦ

ਵਾਜਸਨੇਯੀ ਜਾਂ ਸ਼ੁਕਲ ਯਜੁਰਵੇਦ ਦੇ ਬਾਰੇ ਵਿਚ ਇਕ ਕਿਵਦੰਤੀ ਦੇ ਅਨੁਸਾਰ "ਯਾਗਵਲਕ ਰਿਸ਼ੀ ਨੇ ਸੂਰਜ ਦੀ ਅਰਾਧਨਾ ਕਰਕੇ ਯਜੁਰਵੇਦ ਪ੍ਰਾਪਤ ਕੀਤਾ। ਉਸ ਦੀ ਪ੍ਰੇਮ ਭਗਤੀ ਤੋਂ ਪ੍ਰਸੰਨ ਹੋ ਕੇ ਸੂਰਜ ਦੇਵਤੇ ਨੇ ਘੋੜੇ ਦਾ ਰੂਪ ਧਾਰਨ ਕਰਕੇ ਵੇਦ ਮੰਤਰ ਯਾਗਵਲਕ ਨੂੰ ਦਿੱਤੇ। ਵਾਜ ਘੋੜੇ ਨੂੰ ਕਹਿੰਦੇ ਹਨ। ਇਸ ਲਈ ਸੂਰਜ ਵੱਲੋਂ ਘੋੜੇ ਦੇ ਰੂਪ ਵਿਚ ਦਿੱਤੇ ਗਏ ਮੰਤਰਾਂ ਦੀ ਸੰਹਤਾ ਨੂੰ ਵਾਜਸਨੇਯੀ ਕਹਿੰਦੇ ਹਨ।"[4]

"ਤੈਤ੍ਰੀਯ ਆਚਾਰਯ ਸਨ। ਵੇਦ ਦੀ ਜੋ ਸੰਹਤਾ ਤੈਤ੍ਰੀਯ ਰਿਸ਼ੀ ਨੇ ਸ਼ਗਿਰਦਾਂ ਨੂੰ ਪੜ੍ਹਾਈ, ਉਸ ਕਰਕੇ ਰਿਸ਼ੀ ਤੋਂ ਪੜ੍ਹਨ ਵਾਲਿਆਂ ਦਾ ਨਾਂ ਤੈਤ੍ਰੀਯ ਪ੍ਰਸਿੱਧ ਹੋਇਆ।"[5]

"ਯਜੁਰ ਵੇਦ ਦੇ ਇਨ੍ਹਾਂ ਦੋਹਾਂ ਭਾਗਾਂ ਨੂੰ ਕ੍ਰਿਸ਼ਨ ਤੇ ਸ਼ੁਕਲ ਵੀ ਕਹਿੰਦੇ ਹਨ। ਕ੍ਰਿਸ਼ਨ ਦਾ ਅਰਥ ਹੈ ਕਾਲਾ। ਯਾਗਵਲਕ ਦੇ ਗਲੁਛੇ ਹੋਏ ਜਾਂ ਨਿੰਦਨੀਯ ਮੰਤਰਾਂ ਦਾ ਨਾਂ ਕ੍ਰਿਸ਼ਨ ਪਿਆ। ਸੂਰਜ ਤੋਂ ਪ੍ਰਾਪਤ ਹੋਏ

---

[1] ਮਦਾਨ, ਪੰਨਾ ਲਾਲ, ਸੰਗੀਤ ਸ਼ਾਸਤਰ ਵਿਗਿਆਨ, ਪੰਨਾ 41.
[2] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 10.
[3] ਬਾਵਰਾ, ਜੋਗਿੰਦਰ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 7.
[4] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 33.
[5] ਉਹੀ, ਪੰਨਾ 32.

ਮੰਤਰਾਂ ਦਾ ਨਾਂ ਸ਼ੁਕਲ ਪ੍ਰਸਿੱਧ ਹੋਇਆ।"[1] ਵਜਸਨੇਯੀ ਜਾਂ ਸ਼ੁਕਲ ਯਜੁਰਵੇਦ ਵਿਚ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ। "ਸ਼ੁਕਲ ਯਜੁਰਵੇਦ ਕੀ ਵਾਜਸਨੇਯੀ ਸੰਹਿਤਾ ਮੇਂ ਵੀਣਾਵਾਦਕ, ਨਰਤਕ, ਗਾਇਨ, ਵੰਸ਼ੀਵਾਦਕ, ਦੁਦੰਭੀਵਾਦਕ ਆਦਿ ਕਾ ਉਲੇਖ ਸੰਗੀਤ ਕੇ ਵਿਭਿੰਨ ਵਵਸਾਈ ਵਰਗੋਂ ਕੀ ਔਰ ਸਪੱਸ਼ਟ ਸੰਕੇਤ ਕਰਤਾ ਹੈ।" [2]

ਤੈਤ੍ਰੀਯ ਸੰਹਿਤ ਵਿਚ ਕ੍ਰਿਸ਼ਨ ਯਜੁਰਵੇਦ ਸੰਹਿਤਾਵਾਂ ਸ਼ੁਕੁਲ ਯਜੁਰਵੇਦ ਵਿਚ ਵਾਜਸਨੇਯੀ ਸੰਹਿਤਾਵਾਂ ਆਉਂਦੀਆਂ ਹਨ।

''यजुर्वेदः कल्पतरु शुक्ल कृशण इति द्विधा।
सत्य प्रधानाच्छु क्लाख्यो यात मव्रिवर्जितात्।। ६२।।
कृशणस्थ यजुशः शाखाः षडशीतिरुदाहृताः।। ६४।।''[3]

ਯਜੁਰ ਵੇਦ ਕਰਮ ਕਾਂਡ ਨੂੰ ਦਰਸਾਉਂਦਾ ਹੈ। ਇਸ ਵਿਚ ਸੰਗੀਤ ਬਾਰੇ ਕੁਝ ਖਾਸ ਜਾਣਕਾਰੀ ਨਹੀਂ ਮਿਲਦੀ। ਯੱਗਾਂ ਆਦਿ ਵਿਚ ਸੂਰਜ, ਅਗਨੀ, ਇੰਦਰ ਆਦਿਕ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਯਜੁਰਵੇਦ ਵਿਚ ਪ੍ਰਚਲਿਤ ਸਾਮਗਾਇਨ ਪ੍ਰਣਾਲੀ ਦਾ ਸੰਕੇਤ ਹੇਠਾਂ ਲਿਖੇ ਸਲੋਕ ਤੋਂ ਪ੍ਰਾਪਤ ਹੁੰਦਾ ਹੈ।

''पादश्च गीति —— हाउ इत्यादिकं साम यजुर्वेदे गीतम्।।''[4]

"ਗਾਇਨ ਕਲਾ ਕਾ ਅਧਿਐਨ ਬ੍ਰਾਹਮਣ ਔਰ ਕਸ਼ਤਰੀਏ ਦੋਨੋਂ ਵਰਣਾਂ ਕੇ ਦੁਆਰਾ ਸਮਾਨਰੂਪੇਣ ਹੋਤਾ ਥਾ ਤਥਾ ਇਸਕੇ ਅੰਤਰਗਤ ਗਾਇਨ, ਵਾਦਨ ਤਥਾ ਪ੍ਰਬੰਧ ਰਚਨਾ ਕਾ ਸਮਾਵੇਸ਼ ਥਾ।"[5]

### 1.3.1.4 ਅਥਰਵਵੇਦ

"ਅਥਰਵ ਦਾ ਅਰਥ ਹੈ - ਹਵਨ ਕਰਨ ਵਾਲਾ। ਜਿਸ ਵੇਦ ਵਿਚ ਯਗ, ਹੋਮ ਆਦਿਕ ਕਰਨ ਦੀ ਵਿਧੀ, ਯੱਗ ਕਰਾਉਣ ਵਾਲਿਆਂ ਦੇ ਪ੍ਰਕਾਰ ਦਰਜ ਹਨ, ਉਸ ਦਾ ਨਾਂ ਅਥਰਵ ਵੇਦ ਹੈ। ਇਸ ਵਿਚ ਜੰਤਰਾਂ, ਮੰਤਰਾਂ, ਜਾਦੂ, ਟੂਣਿਆਂ ਤੇ ਔਸ਼ਧੀਆਂ ਦਾ ਵਰਨਣ ਵੀ ਹੈ।"[6]

ਅਥਰਵ ਵੇਦ ਵਿਚ ਵੀ ਸੰਗੀਤ ਦੀ ਮਹੱਤਤਾ ਉਜਾਗਰ ਹੁੰਦੀ ਹੈ। ਅਥਰਵ ਵੇਦ ਰਿਗਵੇਦ ਤੋਂ ਕਾਫ਼ੀ ਸਮਾਂ ਬਾਅਦ ਰਚਿਆ ਗਿਆ। ਇਸ ਵੇਦ ਵਿਚ 20 ਕਾਂਡ, 730 ਸੂਕਤ ਅਤੇ ਲਗਭਗ 1200 ਮੰਤਰ ਹਨ। ਗਿਆਨੀ ਪ੍ਰਤਾਪ ਸਿੰਘ ਆਪਣੀ ਪੁਸਤਕ ਵਿਚ ਮਿਸਟਰ ਲੈਨਮਨ ਦਾ ਹਵਾਲਾ ਦਿੰਦਿਆਂ ਹੋਇਆ ਲਿਖਦੇ ਹਨ ਕਿ "ਅਥਰਵ ਵੇਦ ਦੇ ਅਸਲੀ 18 ਕਾਂਡ ਹਨ। 19ਵਾਂ ਤੇ 20ਵਾਂ ਕਾਂਡ ਪਿੱਛੋਂ ਨਾਲ ਸ਼ਾਮਿਲ ਕੀਤੇ ਗਏ ਹਨ। 20ਵਾਂ ਕਾਂਡ ਰਿਗਵੇਦ ਵਿਚੋਂ ਲਿਆ ਗਿਆ ਹੈ। ਉਸ ਦਾ ਅਥਰਵ ਨਾਲ ਕੋਈ ਸੰਬੰਧ ਨਹੀਂ।" ਅਥਰਵ ਵੇਦ ਵਿਚ ਜਨਮ, ਮ੍ਰਿਤੂ, ਵਿਆਹ ਆਦਿ ਕਰਮ ਕਾਂਡਾਂ ਦਾ ਵਰਨਣ ਮਿਲਦਾ ਹੈ।

---

[1] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 33.
[2] ਸ਼ਰਮਾ, ਅਮਿਤਾ, ਸ਼ਾਸਤਰੀ ਸੰਗੀਤ ਕਾ ਵਿਕਾਸ, ਪੰਨਾ 20.
[3] ਭਾਗਵਤ, ਪੰ., ਵੈਦਿਕ ਵਡੰਮਯ ਕਾ ਇਤਿਹਾਸ - ਪ੍ਰਥਮਭਾਮ, ਪੰਨਾ 201.
[4] ਪਰਾਂਜਪੇ, ਸਰਦਚੰਦਰ ਸ੍ਰੀਧਰ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 28.
[5] ਉਹੀ, ਪੰਨਾ 37.
[6] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 38.

ਇਸ ਵੇਦ ਵਿਚ ਜੋ ਮੰਤਰ ਪ੍ਰਾਪਤ ਹੁੰਦੇ ਹਨ ਉਹਨਾਂ ਵਿਚ ਸਾਜਾਂ ਅਤੇ ਉਨ੍ਹਾਂ ਦੀ ਧਵਨੀ ਉਤਪਤੀ ਦੀ ਚਰਚਾ ਵੀ ਮਿਲਦੀ ਹੈ।

"संजयन् पृतेना ऊर्ध्वामायुगृह्या गृह्णनो बहुधा विचक्ष्व

देवीं वाचे दुन्दुभ आ गुरस्व वेधा शत्रूणामुपभरस्व। 5/20/4/81"[1]

"(ऊर्ध्वामायुः) ਊੱਚਾ ਸ਼ਬਦ ਕਰਤਾ ਹੂਆ, (पूतना) ਸੰਗ੍ਰਾਮ ਕੋ (संजयन्) ਜੀਤਤਾ ਹੂਆ (गृहण) ਗ੍ਰਹਣ ਕਰਨੇ ਯੋਗਯ ਸੈਨਾਉ ਕੋ (गृह्णानः) ਗ੍ਰਹਣ ਕਰਤਾ ਹੂਆ ਤੂ (बहुधा) ਬਹੁਤ ਪ੍ਰਕਾਰ ਸੇ (विचक्ष्व) ਦੇਖਤਾ ਰਹਿ (दुन्दुभे) ਹੇ ਦੂੰਦਭੀ (देवीम्) ਦਿਵਯ ਗੁਣ ਵਾਲੀ (वाचम्) ਵਾਣੀ ਕੋ (आगुरस्व) ਉਚਾਰਨ ਕਰ (वेधाः) ਵਿਧਾਨ ਕਰਨੇ ਵਾਲਾ ਤੂ (शत्रूणाम्) ਵੈਰੀਓਂ ਕਾ (वेदः) ਧਨ (उप भरस्व) ਲਾਕਰ ਭਰ ਦੇ ।। 8 11"[2]

ਅਥਰਵ ਵੇਦ ਬਾਰੇ "ਹਿੰਦੂ ਵਿਦਵਾਨਾਂ ਦੀ ਰਾਇ ਹੈ ਕਿ ਜਿਸ ਤਰ੍ਹਾਂ ਦੂਸਰੇ ਵੇਦਾਂ ਵਿਚ ਗਿਆਨ, ਕਰਮ ਕਾਂਡ ਤੇ ਉਪਾਸਨਾ ਦੇ ਮੰਤਰ ਹਨ ਇਸੇ ਤਰ੍ਹਾਂ ਹੀ ਅਥਰਵ ਦੇ ਮੰਤਰ ਹਨ। ਭੂਤ ਪ੍ਰੇਤਾਂ ਤੋਂ ਬਚਣ ਲਈ ਪ੍ਰਾਰਥਨਾ ਰੂਪ ਵਿਚ ਇਹ ਮੰਤਰ ਹਨ। ਉਪਾਸਨਾ ਇਕ ਈਸ਼ਵਰ ਦੀ ਹੀ ਦਸੀ ਹੈ।"[3]

ਉਪਾਸਨਾ ਦੇ ਨਾਲ-ਨਾਲ ਅਥਰਵ ਵੇਦ ਵਿਚ ਅਯੁਰਵੇਦ ਦੇ ਸਿਧਾਂਤ ਦਾ ਵੀ ਵਰਨਣ ਮਿਲਦਾ ਹੈ।

### 1.3.2 ਆਦਿ ਕਾਵਿ ਸ੍ਰੀਮਦ ਬਾਲਮੀਕੀ ਰਮਾਇਣ

ਰਮਾਇਣ ਵਿਸ਼ਵ ਦਾ ਸਭ ਤੋਂ ਵੱਡਾ ਮਹਾਂਕਾਵਿ ਹੈ। ਰਮਾਇਣ ਦੀ ਰਚਨਾ ਮਹਾਂਰਿਸ਼ੀ ਬਾਲਮੀਕ ਦੁਆਰਾ ਈਸਾਪੂਰਵ ਪੰਜਵੀਂ ਸ਼ਤਾਬਦੀ ਵਿਚ ਹੋਈ ਮੰਨੀ ਜਾਂਦੀ ਹੈ। "ਵਿਦਵਾਨੋਂ ਕਾ ਮਤ ਹੈ ਕਿ ਰਮਾਇਣ ਕੀ ਰਚਨਾ ਮਹਾਂਭਾਰਤ ਸੇ ਸੈਂਕੜੋਂ ਵਰਸ਼ ਪਹਿਲੇ ਹੋ ਚੁਕੀ ਥੀ। ਆਗੇ ਚਲਕਰ ਤੁਲਸੀ ਕ੍ਰਿਤ ਰਾਮਚਰਿਤ ਮਾਨਸ ਸਹਿਤ ਰਾਮਕਥਾ ਕੇ ਸਭੀ ਗ੍ਰੰਥੋਂ ਨੇ ਕਥਾ-ਸੂਤਰ ਵਾਲਮੀਕੀ ਸੇ ਹੀ ਲੀਆ ਹੈ।"[4]

"ਆਦਿਕਾਵਿਅ ਸ੍ਰੀਮਦ ਬਾਲਮੀਕੀਅ ਰਮਾਇਣ ਸੰਪੂਰਨ ਧਰਾਤਲ ਕਾ ਪ੍ਰਥਮ ਮਹਾਂਕਾਵਿ ਹੈ। ਇਸਕੀ ਪ੍ਰਤਿਸ਼ਠਾ ਵੇਦਤੁਲਅ ਹੀ ਮਾਨੀ ਜਾਤੀ ਹੈ ਤਥਾ ਸਭੀ ਕੇ ਲਿਏ ਪੂਜਨੀਏ ਹੈ ਵ ਭਾਰਤ ਕੀ ਬਹੁਮੁਲਅ ਨਿਧੀ ਹੈ। ਸ੍ਰੀ ਬਾਲਮੀਕੀ ਜੀ ਆਪਨੀ ਇਸ ਕ੍ਰਿਤੀ ਸੇ ਵਿਸ਼ਵ ਕੇ ਸਮਸਤ ਕਵੀਓਂ ਕੇ ਗੁਰੂ ਔਰ ਆਦਿ ਕਵੀ ਮਾਨੇ ਜਾਤੇ ਹੈ।"[5]

ਬਾਲਮੀਕ ਜੀ ਨੇ ਸੰਸਕ੍ਰਿਤ ਭਾਸ਼ਾ ਦਾ ਸਭ ਤੋਂ ਪਹਿਲਾ ਕਾਵਿ ਰਮਾਇਣ ਦੇ ਰੂਪ ਵਿਚ ਵਿਸ਼ਵ ਨੂੰ ਦਿੱਤਾ। "ਰਮਾਇਣ ਕੀ ਰਚਨਾ ਰਿਸ਼ੀ ਬਾਲਮੀਕ ਨੇ ਕੀ ਥੀ। ਬਾਲਮੀਕ ਸੰਸਕ੍ਰਿਤ ਭਾਸ਼ਾ ਕੇ ਸਬ ਸੇ ਪਹਿਲੇ ਕਵਿ ਮਾਨੇ ਜਾਤੇ ਹੈ। ਔਰ ਰਮਾਇਣ ਪਹਿਲਾ ਕਾਵਿ ਮਾਨਾ ਜਾਤਾ ਹੈ।"[6]

---

[1] ਅਥਰਵਵੇਦ, ਪੰਨਾ 439.
[2] ਉਹੀ, ਪੰਨਾ 94.
[3] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 39.
[4] ਸ਼ਰਮਾ, ਲੀਲਾਧਰ, ਪਰਵਰਤੀਏ, ਭਾਰਤੀਏ ਸੰਸਕ੍ਰਿਤ ਕੋਸ਼, ਪੰਨਾ 783.
[5] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦਅ ਸੰਗੀਤ, ਪੰਨਾ 25.
[6] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 101.

ਰਮਾਇਣ ਨੂੰ 'ਆਰਸ਼ ਰਮਾਇਣ' 'ਆਦਿ ਕਾਵਿ' ਆਦਿ ਨਾਮਾਂ ਨਾਲ ਵੀ ਜਾਣਿਆ ਜਾਂਦਾ ਹੈ। "ਯਹ ਆਰੰਭ ਮੇਂ ਰਮਾਇਣ ਨਾਮ ਸੇ ਪ੍ਰਸਿੱਧ ਥਾ। ਪੁਨ: ਆਰਿਯਾ ਰਮਾਇਣ ਔਰ ਅੰਤ ਮੇਂ 'ਆਦਿ ਕਾਵਿਆ' ਨਾਮ ਸੇ ਪ੍ਰਸਿੱਧ ਹੂਆ।"[1]

ਰਮਾਇਣ ਕਾਲ ਵਿਚ ਵੀ ਭਗਤੀ ਆਪਣੀ ਚਰਮ ਸੀਮਾ ਤੇ ਸੀ। ਹਰੇਕ ਮਨੁੱਖ ਸਵੇਰੇ ਸ਼ਾਮ ਆਪਣੇ ਇਸ਼ਟ ਦੀ ਭਗਤੀ ਵਿਚ ਮਗਨ ਰਹਿੰਦਾ ਸੀ। "ਰਮਾਇਣ ਕਾਲ ਵਿਚ ਸਾਰੇ ਸਮਾਜ ਵਿਚ ਸੰਗੀਤ ਦੀ ਇਕ ਪਵਿੱਤਰ ਧਾਰਾ ਵਹਿ ਰਹੀ ਸੀ। ਇਹ ਸਭ ਦੈਵੀ ਸੰਗੀਤ ਦੀ ਅਟੁੱਟ ਸਾਧਨਾ ਦਾ ਹੀ ਫਲ ਸੀ। ਹਰ ਕੋਈ ਸੁਖ ਅਤੇ ਸ਼ਾਂਤੀ ਦਾ ਜੀਵਨ ਬਿਤਾ ਰਿਹਾ ਸੀ। ਵੈਦਿਕ ਕਾਲ ਦੀ ਤਰ੍ਹਾਂ ਇਸ ਕਾਲ ਵਿਚ ਵੀ ਹਰ ਘਰ ਵਿਚ ਸਵੇਰ ਹੁੰਦਿਆਂ ਹੀ ਈਸ਼ਵਰ ਦੀ ਅਰਾਧਨਾ ਦੀ ਸੰਗੀਤਮਈ ਧੁਨ ਸੁਣਾਈ ਦਿੰਦੀ ਸੀ।"[2] ਰਾਵਣ ਸੰਗੀਤ ਦਾ ਪ੍ਰਕਾਂਡ ਵਿਦਵਾਨ ਸੀ। ਰਾਵਣ ਸਾਮਗਾਨ ਦੇ ਦੁਆਰਾ ਸਿਵ ਦੀ ਅਰਾਧਨਾ ਕਰਦਾ ਸੀ। "ਰਾਵਣ ਸਵੈਅ ਸੰਗੀਤ ਕਾ ਪ੍ਰਕਾਂਡ ਵਿਦਵਾਨ ਥਾ। ਉਸਕੀ ਪਤਨੀ ਮੰਦੋਦਰੀ ਸੰਗੀਤ ਵਿਧਾ ਕੀ ਵਿਦੂਸ਼ਿਕਾ ਥੀ। ਰਾਵਣ ਕੀ ਰਾਜਸਭਾ ਮੇਂ ਅਨੇਕ ਗਾਇਣਚਾਰਿਆ ਔਰ ਕਾਵਅ ਨਿਪੁਣ ਨਰਤੀਆਂ ਥੀਂ।"[3]

"ਕਹਾ ਜਾਤਾ ਹੈ ਕਿ ਸਵਰ ਸਹਿਤ ਵੇਦ ਪਾਠ ਕਰਨੇ ਕੀ ਪ੍ਰਣਾਲੀ ਕਾ ਆਵਿਸ਼ਕਾਰ ਸਬਸੇ ਪਹਿਲੇ ਰਾਵਣ ਨੇ ਹੀ ਕੀਆ। ਸਾਮਵੇਦ ਕੇ ਸਤਰੋਤੋਂ ਸੇ ਉਸਨੇ ਨਰਮਦਾ ਕੇ ਤਟ ਪਰ ਭਗਵਾਨ ਸੰਕਰ ਕੀ ਅਰਾਧਨਾ ਕੀ ਥੀ।

तुण्टाव वृषमध्वजम्।
सामभिविविधै : स्तोत्रै। प्रणस्व दशाननः।"[4]

ਵੈਦਿਕ ਕਾਲ ਦੀ ਤਰ੍ਹਾਂ ਇਸ ਕਾਲ ਵਿਚ ਵੀ ਹਰ ਘਰ ਵਿਚ ਸਵੇਰ ਹੁੰਦੇ ਹੀ ਈਸ਼ਵਰ ਅਰਾਧਨਾ ਦੀ ਸੰਗੀਤਮਈ ਸਤੁਤੀ ਪ੍ਰਫੁਲਿਤ ਹੋ ਉੱਠਦੀ ਸੀ। ਇਸ ਸੰਗੀਤਮਈ ਪ੍ਰਾਥਨਾ ਵਿਚ ਗ੍ਰਹਿ ਦੇ ਸਾਰੇ ਮੈਂਬਰ ਸ਼ਾਮਿਲ ਹੁੰਦੇ ਸਨ। ਗਰੀਬ ਅਮੀਰ ਈਸ਼ਵਰ ਉਪਾਸਨਾ ਕਰਦੇ ਸਨ।

ਰਮਾਇਣ ਵਿਚ ਸੰਗੀਤ ਦੀ ਮਹੱਤਤਾ ਦਾ ਬਹੁਤ ਵਿਸਤਰਿਤ ਵਰਨਣ ਮੌਜੂਦ ਹੈ। ਇਸ ਕਾਲ ਵਿਚ ਸੰਗੀਤ ਦੇ ਲਈ ਗੰਧਰਵ ਸ਼ਬਦ ਦਾ ਪ੍ਰਯੋਗ ਹੋਇਆ ਹੈ। "ਉਸ ਸਮੇਂ ਗੰਧਰਵਗਾਨ ਕੀ ਦੋ ਸ਼ੈਲੀਆਂ ਪ੍ਰਚਲਿਤ ਥੀ, 1. ਮਾਰਗੀ, 2. ਦੇਸੀ। ਮਾਰਗੀ ਸ਼ੈਲੀ ਉੱਚ ਔਰ ਅਭਿਜਾਤ ਵਰਗੀਏ ਥੀ ਜਿਸੇ ਸ਼ਿਸ਼ਟ ਜਨ ਸੰਮਤ ਅਲੰਕ੍ਰਿਤ ਸ਼ੈਲੀ ਭੀ ਕਹਿ ਸਕਤੇ ਥੇ। ਇਸ ਸ਼ੈਲੀ ਮੇਂ ਕੁਸ਼ੀਲਵ ਨੇ ਰਾਮਾਇਣ ਕਾ ਗਾਨ ਕੀਆ ਥਾ। ਦੇਸੀ ਸ਼ੈਲੀ ਜਨ ਸਮਾਨਅ ਕੇ ਲਿਏ ਸਹਿਜਤਾ ਸੇ ਬੋਧਗਮਅ ਰਹੀ ਹੋਗੀ।"[5] ਇਸ ਮਹਾਂਕਾਵਿ ਵਿਚ 24000 ਸਲੋਕ ਹਨ। "ਵਾਲਮੀਕ ਰਿਖੀ ਦਾ ਰਚਿਆ ਸੰਸਕ੍ਰਿਤ ਭਾਸ਼ਾ ਵਿਚ ਰਾਮਚੰਦ੍ਰ ਜੀ ਦਾ ਇਤਿਹਾਸ,

---

[1] ਹਰੀ, ਵਿਯੋਗ, ਹਮਾਰੀ ਪਰੰਪਰਾ, ਪੰਨਾ 199, 200.
[2] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 18.
[3] ਸ਼ਰਮਾ, ਭਗਵਤਸ਼ਰਣ, ਭਾਰਤੀਏ ਇਤਿਹਾਸ ਮੇਂ ਸੰਗੀਤ, ਪੰਨਾ 12.
[4] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 103.
[5] ਵਰਮਾ, ਰਾਜੀਵ (ਡਾ.), ਪਾਰਿਕ ਨੀਲਮ (ਡਾ.), ਭਾਰਤੀਏ ਸੰਗੀਤ ਕਾ ਅਧਿਆਤਮਿਕ ਸਵਰੂਪ, ਪੰਨਾ 25.

ਜੋ ਮਨੋਹਰ ਕਾਵਯ ਹੈ। ਇਸ ਦੇ ਸਤ ਕਾਂਡ ਬਾਲ, ਅਯੋਧਯਾ, ਵਨ, ਕਿਸਕਿੰਧਾ, ਸੁੰਦਰ, ਲੰਕਾ ਅਥਵਾ ਯੁੱਧ ਉਤਰ ਹਨ। ਅਧਿਆਇ 647 ਅਤੇ ਸਲੋਕ ਸੰਖਿਆ 24000 ਹੈ।"[1]

"ਪ੍ਰਾਚੀਨ ਮਹਾਂਕਾਵੋਂ ਕੀ ਤੁਲਨਾ ਮੇਂ ਭਾਸ਼ਾ, ਭਾਵ, ਛੰਦ, ਰਚਨਾ-ਵਿਧਾਨ ਏਵਮ ਰਸ ਵਿਅੰਜਨਾ ਕੀ ਦ੍ਰਿਸ਼ਟੀ ਸੇ ਉਤਕ੍ਰਸ਼ਟ ਕ੍ਰਿਤੀ ਪ੍ਰਮਾਣਿਤ ਹੁਈ ਹੈ।"[2]

"ਮਹਾਂਰਿਸ਼ੀ ਬਾਲਮੀਕੀ ਦੇ ਬਣਾਏ ਹੋਏ ਇਸ ਕਾਵਿ ਵਿਚ ਤੱਤ ਪੁਰਸ਼, ਅਦਿਕ ਸਮਾਸ, ਦੀਰਘ ਗੁਣ ਆਦਿ ਸੰਧੀਆ, ਮੂਲ ਅਤੇ ਅਗੇਤਰ ਪਿਛੇਤਰ ਦਾ ਬਹੁਤ ਸੋਹਣਾ ਨਿਰਵਾਹ ਹੋਇਆ। ਇਸ ਰਚਨਾ ਵਿਚ ਕੋਈ ਦੋਸ਼ ਨਹੀਂ- ਸ਼ਬਦਾਂ ਵਿਚ ਮਧੁਰਤਾ ਹੈ ਅਰਥਾਂ ਵਿਚ ਸਪੱਸ਼ਟਤਾ ਹੈ।"[3]

ਰਮਾਇਣ ਵਿਚ ਭਾਰਤੀ ਸਮਾਜ ਦੀ ਸਭਿਅਤਾ, ਰਾਜਨੀਤੀ, ਸੰਗੀਤ ਅਤੇ ਸੰਸਕ੍ਰਿਤੀ ਦਾ ਵਿਸਥਾਰ ਪੂਰਵਕ ਵਰਨਣ ਮਿਲਦਾ ਹੈ। ਭਗਤੀ, ਧਰਮ ਅਤੇ ਸੰਗੀਤ ਦੇ ਸੁਮੇਲ ਦੇ ਉੱਤਮ ਦਰਸ਼ਨ ਇਸ ਕਾਲ ਵਿਚ ਮਿਲਦੇ ਹਨ।

"ਧਾਰਮਿਕ ਵਾਤਾਵਰਣ ਮੇਂ ਸਮਾਜ ਤਥਾ ਮਾਨਵ-ਕਲਿਆਣ ਹੇਤੂ ਈਸ਼ਵਰ ਉਪਾਸਨਾ ਸਵਰ-ਲੈਅ-ਬੱਧ ਪ੍ਰਣਾਲੀ ਸੇ ਕੀ ਜਾਤੀ ਥੀ। ਰਮਾਇਣ ਕਾਲ ਮੇਂ ਧਰਮ, ਦਰਸ਼ਨ ਏਵਮ ਸੰਗੀਤ ਮੇਂ ਪਾਰਸਪਰਿਕ ਸਮਨਵਅ ਥਾ।"[4]

ਰਮਾਇਣ ਦੀ ਰਚਨਾ ਦੇ ਸੰਦਰਭ ਵਿਚ ਇਕ ਕਥਾ ਵੀ ਆਮ ਸੁਨਣ ਵਿਚ ਮਿਲਦੀ ਹੈ ਕਿ ਮਹਾਂਰਿਸ਼ੀ ਬਾਲਮੀਕੀ ਜੀ ਰਾਜਾ ਰਾਮ ਚੰਦਰ ਜੀ ਦੇ ਬਾਰੇ ਵਿਚ ਕੁਝ ਲਿਖਣਾ ਚਾਹੁੰਦੇ ਸਨ। "ਨਿਰਸੰਦੇਹ ਪ੍ਰਾਰੰਭ ਮੇਂ ਮਨੁਸ਼ਅ ਕੇ ਪਾਸ ਅਪਨੇ ਅਨੁਭਵ ਵਿਅਕਤ ਕਰਨੇ ਨੇ ਲੀਏ ਸਮੱਗਰੀ ਕਾ ਆਭਾਵ ਥਾ। ਪਰੰਤੂ ਭਾਵੋਂ ਕਾ ਝਰਨਾ ਜੋ ਹ੍ਰਿਦੈ ਕੇ ਅੰਦਰ ਹੀ ਅੰਦਰ ਵੇਗਮਾਨ ਹੋ ਰਹਾ ਥਾ, ਭਲਾ ਕਬ ਤਕ ਰੁਕ ਸਕਤਾ ਥਾ। ਵਹ ਸਮਅ ਪਾਕਰ ਵਾਣੀ ਦੁਆਰਾ ਛਲਕ ਪੜ੍ਹਾ ਔਰ ਕਾਵਿ ਕੀ ਸ੍ਰਿਸ਼ਟੀ ਹੁਈ।"

ਇਕ ਵਾਰ ਮਹਾਂਰਿਸ਼ੀ ਬਾਲਮੀਕ ਸ਼ਾਮ ਨੂੰ ਈਸ਼ਵਰ ਉਪਾਸਨਾ ਦੇ ਲਈ ਤਮਸਾ ਨਦੀ ਦੇ ਤਟ 'ਤੇ ਗਏ ਤਾਂ ਉੱਥੇ ਉਨ੍ਹਾਂ ਨੇ ਵਿਆਧ ਦੇ ਹੱਥੋਂ (ਜੋ ਕਿ ਸ਼ਿਕਾਰੀ ਸੀ) 'ਕ੍ਰੌਂਚ' ਜੋੜੇ ਵਿਚੋਂ ਨਰ ਦਾ ਸ਼ਿਕਾਰ ਹੁੰਦੇ ਦੇਖਿਆ। ਨਰ ਕ੍ਰੌਂਚ ਦੇ ਸਿਕਾਰ ਹੋਣ ਤੇ ਮਾਦਾ ਕ੍ਰੌਂਚ ਵਿਰਾਗਮਈ ਵਿਰਲਾਪ ਕਰ ਰਹੀ ਸੀ। ਇਸ ਘਟਨਾ ਨੇ ਬਾਲਮੀਕੀ ਜੀ ਦੇ ਹਿਰਦੇ ਨੂੰ ਸ਼ੋਕਗ੍ਰਸਤ ਕਰ ਦਿੱਤਾ ਤੇ ਅਚਨਚੇਤ ਹੀ ਬਾਲਮੀਕ ਦੇ ਮੁੱਖ ਤੋਂ ਸ਼ਿਕਾਰੀ ਦੇ ਲਈ ਸਰਾਪ ਨਿਕਲਿਆ।

''मा निषाद! प्रतिष्ठा त्वमगमः शाश्वतीः समाः।
यत्क्रौञ्चमिथुनादे काममोः केमवधौ।''[5]

ਭਾਵ: ਵਿਆਧ ਤੈਨੂੰ ਅੰਤ ਤੱਕ ਕਦੀ ਵੀ ਸ਼ਾਂਤੀ ਨਾ ਮਿਲੇ। ਕਿਉਂਕਿ ਤੂੰ ਕ੍ਰੌਂਚ ਪੰਛੀਆਂ ਦੇ ਜੋੜੇ ਵਿਚੋਂ ਇਕ ਨੂੰ ਬਿਨਾਂ ਕਿਸੇ ਅਪਰਾਧ ਦੇ ਮਾਰ ਦਿੱਤਾ ਹੈ। ਮਹਾਂਰਿਸ਼ੀ ਬਾਲਮੀਕੀ ਜੀ ਦੇ ਹਿਰਦੇ ਵਿਚੋਂ ਜੋ ਕਰੁਣਾ ਦਾ

[1] ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 859.
[2] ਸ਼ਰਮਾ, ਸੁਨੀਤਾ (ਡਾ.), ਭਾਰਤੀਏ ਸੰਗੀਤ ਕਾ ਇਤਿਹਾਸ, ਅਧਿਆਤਮ ਏਵਮ ਦਾਰਸ਼ਨਿਕ, ਪੰਨਾ 52.
[3] ਬਾਲਮੀਕੀ ਰਮਾਇਣ, ਭਾਸ਼ਾ ਵਿਭਾਗ ਪੰਜਾਬ, ਪੰਨਾ 10.
[4] ਸ਼ਰਮਾ, ਸੁਨੀਤਾ (ਡਾ.), ਭਾਰਤੀਏ ਸੰਗੀਤ ਕਾ ਇਤਿਹਾਸ, ਅਧਿਆਤਮ ਏਵਮ ਦਾਰਸ਼ਨਿਕ, ਪੰਨਾ 57.
[5] ਸ਼ਾਸਤਰੀ, ਪਰਮਾਨੰਦ, ਸੰਸਕ੍ਰਿਤ ਗੀਤੀ ਕਾਵਿਅ ਕਾ ਵਿਕਾਸ, ਪੰਨਾ 67.

ਪ੍ਰਬਲ ਪ੍ਰਵਾਹ ਹੋਇਆ ਉਹ ਸਲੋਕ ਦਾ ਰੂਪ ਧਾਰਨ ਕਰ ਗਿਆ। ਰਾਗਤਮਿਕਤਾ ਨਾਲ ਪੂਰਨ ਇਸ ਸਲੋਕ ਦੀ ਸੰਗੀਤਕ ਤੱਤਾਂ ਨਾਲ ਪਰਿਪੂਰਣਤਾ ਹੈ ਜਿਸਦੀ ਵਿਆਖਿਆ ਉਹਨਾਂ ਨੇ ਇਸ ਸਲੋਕ ਦੁਆਰਾ ਕੀਤੀ।

''पादबद्धोऽक्षरसमस्तन्त्रीलय समन्वितः
शोकार्तस्य प्रवृतो मे श्लोकोभवतुनान्यथा।''[1]

ਭਾਵ: ਜੋ ਅੱਖਰ ਮੇਰੇ ਮੁੱਖ ਤੋਂ ਨਿਕਲੇ ਹਨ ਉਹ ਪਦ ਬੱਧ ਹਨ। ਪਦ ਦੇ ਅੱਖਰ ਬਰਾਬਰ ਤੇ ਲੈਅਯੁਕਤ ਹਨ। ਸ਼ੋਕ ਦੀ ਸਥਿਤੀ ਵਿਚ ਜੋ ਅੱਖਰ ਮੈਂ ਬਿਆਨ ਕੀਤੇ ਹਨ ਉਹ ਸਲੋਕ ਰੂਪ ਹਨ। ਬਾਲਮੀਕੀ ਜੀ ਜਿੱਥੇ ਸੰਸਕ੍ਰਿਤ ਦੇ ਗਿਆਤਾ ਸਨ ਉੱਥੇ ਵੈਦਿਕ ਅਤੇ ਲੌਕਿਕ ਦੋਨੋਂ ਹੀ ਤਰ੍ਹਾਂ ਦੇ ਸੰਗੀਤ ਦੇ ਗਿਆਤਾ ਸਨ। ਬਾਲਮੀਕੀ ਜੀ ਦੁਆਰਾ ਰਚਿਤ ਰਮਾਇਣ ਵਿਚ ਸੰਗੀਤ ਦਾ ਵਿਸਤਰਿਤ ਵਰਨਣ ਮਿਲਦਾ ਹੈ। ਜਦੋਂ ਰਾਮ ਜੀ ਨੇ ਧਨੁਸ਼ ਤੋੜਿਆ ਸੀ ਤਾਂ ਆਕਾਸ਼ ਵਿਚੋਂ ਦੇਵਤਿਆਂ ਨੇ ਦੁਦੰਭੀ ਵਜਾ ਕੇ ਰਾਮ ਜੀ ਦੀ ਜੈ-ਜੈ ਕਾਰ ਕੀਤੀ। ਰਾਮ ਜੀ ਦੇ ਵਿਆਹ ਤੇ ਵੀ ਵਰਮਾਲਾ ਦੇ ਸਮੇਂ ਸੰਗੀਤ ਦੀ ਮਹਿਫ਼ਲ ਸਜਾਈ ਗਈ। "ਰਮਾਇਣ ਮੇਂ ਅਨੇਕ ਵਾਦ ਯੰਤਰੋਂ ਕਾ ਵਰਨਣ ਭੀ ਮਿਲਤਾ ਹੈ। ਭੇਰੀ, ਦੁਦੰਭੀ, ਮ੍ਰਿਦੰਗ, ਘਟ, ਡਿਮਡਿਮ, ਆਦੰਬਰ, ਵੀਣਾ ਆਦਿ। ਮੰਗਲ ਕਾਰਿਆ ਤਥਾ ਯੁੱਧਸ਼ੇਤਰ ਕੇ ਸੰਦਰਭ ਮੇਂ ਭੀ ਵਾਧੋਂ ਕਾ ਪ੍ਰਯੋਗ ਹੋਤਾ ਥਾ। ਇਸ ਕਾਲ ਮੇਂ ਪਵਣ, ਆਨਕ, ਗੋਮੁਖ, ਪਟਹ, ਮੁਰਜ, ਭੇਰੀ, ਪੁਸਕਰ ਆਦਿ ਵਾਦੋਂ ਕਾ ਪ੍ਰਚਲਨ ਥਾ।"[2] ਬਾਲਮੀਕੀ ਜੀ ਉੱਚ ਕੋਟੀ ਦੇ ਗਾਇਕ ਅਤੇ ਵਾਦਕ ਵੀ ਸਨ। ਉਹਨਾਂ ਨੇ ਲਵ ਅਤੇ ਕੁਸ਼ ਨੂੰ ਸੰਗੀਤ ਸਿੱਖਿਆ ਦਿੱਤੀ। "ਬਾਲਮੀਕੀ ਆਸ਼ਰਮ ਮੇਂ ਲਵ ਕੁਛ ਕੋ ਭੀ ਸੰਗੀਤ ਕੀ ਸ਼ਿਕਸਾ ਦੀ ਗਈ ਥੀ, ਯਹਾ ਲਵ ਕੁਛ ਤੀਰ ਚਲਾਨੇ ਮੇਂ ਪ੍ਰਵੀਨ ਥੇ, ਵਹਾਂ ਵਹ ਕੰਠ ਸੰਗੀਤ ਮੇਂ ਭੀ ਦਕਸ਼ ਥੇ।"[3] ਰਮਾਇਣ ਵਿਚ ਸੰਗੀਤ ਦੇ ਲਈ ਗੰਧਰਵ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਸੰਗੀਤਕਾਰ ਦੇ ਲਈ ਗੰਧਰਵ ਸ਼ਬਦ ਦਾ ਪ੍ਰਯੋਗ ਹੋਇਆ ਹੈ। ਇਸ ਵਿਚ ਵਿਭਿੰਨ ਪ੍ਰਕਾਰ ਦੇ ਨਿਯਮਾਂ ਵਿਚ ਬੱਝੇ ਹੋਏ ਸ਼ਾਸਤਰਾਂ ਨੂੰ ਗੰਧਰਵਮ ਕਿਹਾ ਗਿਆ ਹੈ।ਰਮਾਇਣ ਕਾਲ ਦੇ ਸੰਗੀਤ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਸ ਵਿਚ ਗੰਭੀਰਤਾ ਆ ਚੁੱਕੀ ਸੀ। ਸ਼ਾਸਤਰੀ ਸੰਗੀਤ ਕਾਫ਼ੀ ਫੈਲ ਚੁੱਕਾ ਸੀ। ਸੰਗੀਤ ਲਈ ਪ੍ਰਯੋਗ ਹੋਣ ਵਾਲੇ ਸਾਜ ਬਹੁ ਗਿਣਤੀ ਵਿਚ ਪ੍ਰਚਾਰ ਵਿਚ ਸਨ, ਸੰਗੀਤ ਦੁਆਰਾ ਪ੍ਰਮਾਤਮਾ ਦੀ ਉਸਤਤੀ ਕਰਨ ਵਾਲਿਆਂ ਦੀ ਇਸ ਯੁੱਗ ਵਿਚ ਪ੍ਰਧਾਨਤਾ ਸੀ ਜਿਸ ਲਈ ਇਸ ਸਮੇਂ ਦਾ ਸੰਗੀਤ ਅਧਿਆਤਮਿਕ ਅਤੇ ਗੰਭੀਰ ਬਣ ਗਿਆ। ਅਨੇਕ ਲੋਕਾਂ ਦਾ ਜੀਵਨ ਨਾਚ, ਗਾਣੇ ਉਤੇ ਹੀ ਆਧਾਰਿਤ ਸੀ। ਸੰਗੀਤ ਵਿਚ ਚਮਤਕਾਰਿਤ ਸ਼ਕਤੀ ਸੀ।"[4]

### 1.3.3 ਮਹਾਂਭਾਰਤ

ਮਹਾਂਭਾਰਤ ਦੇ ਰਚਨਾਕਾਰ ਮਹਾਂਰਿਸ਼ੀ ਦੇਵ ਵਿਆਸ ਸਨ। ਇਹ ਗ੍ਰੰਥ ਦਾ ਰਚਨਾ ਕਾਲ ਈਸਾਪੂਰਵ ਤੀਸਰੀ ਸ਼ਤਾਬਦੀ ਮੰਨਿਆ ਜਾਂਦਾ ਹੈ।"ਮਹਾਂਭਾਰਤ ਦਾ ਮੂਲ ਕਥਾਨਕ ਪੂਰਵ ਇਤਿਹਾਸਿਕ ਮਾਨਾ ਜਾਤਾ ਹੈ। ਕੁਝ ਵਿਦਵਾਨ ਮਹਾਂਭਾਰਤ ਕਾਲ 3102 ਈ. ਪੂ. ਮਾਨਤੇ ਹੈਂ, ਕੁਝ ਅਨਯ ਵਿਦਵਾਨੋਂ ਕਾ

[1] ਬਾਲਮੀਕੀਏ ਰਾਮਾਇਣ, ਬਾਲ ਕਾਵਿ ਦ੍ਵਿਤੀਅ ਸਰਗ, ਸ਼ਲੋਕ-18, ਪੰਨਾ 31-32.
[2] ਬਾਵਰਾ, ਜੋਗਿੰਦਰ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 12.
[3] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 104.
[4] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 19.

ਇਸਸੇ ਭੀ ਪੂਰਵ ਮਹਾਂਭਾਰਤ ਕਾਲ ਕੋ ਬਤਾਤੇ ਹੈਂ, ਪ੍ਰੰਤੂ ਕੁਝ ਐਸੇ ਭੀ ਵਿਦਵਾਨ ਹੈ ਜਿਨਕੀ ਮਾਨਿਅਤਾ ਹੈ ਕਿ ਯਹ ਘਟਨਾ 1000 ਈ. ਪੂ. ਸੇ ਅਧਿਕ ਪੁਰਾਨੀ ਨਹੀਂ ਹੈ।"[1] ਧਰਮ ਅਤ ਸੰਗੀਤ ਦਾ ਰਿਸ਼ਤਾ ਇਸ ਕਾਲ ਵਿਚ ਬਹੁਤ ਹੀ ਗਹਿਰਾ ਹੋ ਗਿਆ। ਇਸੇ ਕਾਲ ਵਿਚ ਹੀ ਸੰਗੀਤ ਦੇ ਮਹਾਨ ਗਿਆਨੀ ਸ੍ਰੀ ਕ੍ਰਿਸ਼ਨ ਜੀ ਹੋਏ ਜਿਹਨਾਂ ਦੀ ਬਾਂਸੁਰੀ ਦੀ ਮਧੁਰ ਧੁਨ ਤੇ ਮਨੁੱਖ ਤਾਂ ਕੀ ਪਸ਼ੂ-ਪੰਛੀ ਵੀ ਮੁਗਧ ਹੋ ਜਾਂਦੇ ਸਨ। ਗਾਇਨ ਵਾਦਨ ਅਤੇ ਨ੍ਰਿਤ ਤਿੰਨਾਂ ਹੀ ਕਲਾਵਾਂ ਦਾ ਇਸ ਯੁੱਗ ਵਿਚ ਪ੍ਰਚਾਰ ਪ੍ਰਸਾਰ ਹੋਇਆ। ਇਸ ਯੁੱਗ ਵਿਚ ਭਗਤੀ ਅਤੇ ਸੰਗੀਤ ਦੀ ਬਹੁਤ ਮਹੱਤਤਾ ਹੋ ਗਈ ਸੀ। ਸ੍ਰੀ ਕ੍ਰਿਸ਼ਨ ਜੀ ਦਾ ਜੀਵਨ ਪੂਰਨ ਸੰਗੀਤਮਈ ਸੀ। "ਗੁਰੂ ਗੋਬਿੰਦ ਸਿੰਘ ਜੀ ਕੇ ਅਤਿਅੰਤ ਭਾਵਭੀਨੇ ਸ਼ਬਦੋਂ ਮੇਂ ਕ੍ਰਿਸ਼ਣ ਕੀ ਮੁਰਲੀ ਕੋ ਸਮਰਣ ਕਿਆ ਹੈ।

ਕਹੂੰ ਗੀਤ ਕੇ ਗਵੱਆ ਕਹੂੰ ਬੇਨ ਕੋ ਬਹੈਆ।
ਕਹੂੰ ਨ੍ਰਿਤ ਕੇ ਨਚੈਆ ਕਹੂੰ ਨਰ ਕੋ ਆਕਾਰ ਹੈ।"[2]

ਇਸ ਤੋਂ ਇਲਾਵਾ ਇਸ ਯੁੱਗ ਵਿਚ ਅਰਜਨ ਵੀ ਅਜਿਹੇ ਮਹਾਨ ਸੰਗੀਤਕਾਰ ਹੋਏ ਜੋ ਕਿ ਗਾਇਨ ਦੇ ਨਾਲ ਵੀਣਾ ਵਾਦਨ ਵਿਚ ਵੀ ਸਿਧਹਸਤ ਸਨ। ਉਹ ਜਿੰਨੇ ਮਹਾਨ ਸੰਗੀਤਕਾਰ ਸਨ ਉਨੇ ਹੀ ਮਹਾਨ ਯੋਧਾ ਵੀ ਸਨ।

ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਦੇ ਯੁੱਧ ਦਾ ਵਰਨਣ ਹੈ। "ਕੌਰਵੋਂ ਪਾਂਡਵੋਂ ਕੀ ਸ਼ਸਤਰ ਵਿਧਾ ਕੀ ਪਰੀਕਸ਼ਾ ਕੇ ਲਿਏ ਜੋ ਸਭਾ ਮੰਡਪ ਬਨਾਆ ਗਆ ਥਾ ਉਸਮੇਂ ਵਾਦਕੋਂ ਕੋ ਭੀ ਸੰਮਾਨ ਕੇ ਸਾਥ ਸਥਾਨ ਮਿਲਾ ਥਾ। ... ਰਾਜੋਂ ਕੇ ਸੋਤੇ ਸਮੇਂ ਤਥਾ ਪ੍ਰਾਤ : ਕਾਲ ਮੇਂ ਉਠਤੇ ਸਮੇਂ ਸੰਗੀਤ ਕਾਰਿਆਕ੍ਰਮ ਹੋਤਾ ਥਾ। ਰਾਜ ਸਭਾ ਮੇਂ ਨਟ-ਨਰਤਕੋਂ ਕੋ ਯਗ ਮੰਡਪ ਕੇ ਨਿਕਟ ਹੀ ਸਥਾਨ ਦਿਆ ਜਾਤਾ ਥਾ। ਰਾਜ ਸਭਾ ਮੇਂ ਸੰਗੀਤ ਗਾਇਕੋਂ ਕਾ ਵਿਸ਼ੇਸ਼ ਆਦਰ ਥਾ। ਹਰ ਪ੍ਰਕਾਰ ਕੇ ਸ਼ੁਭ ਕਾਰਿਆ ਮੇਂ ਸੰਖ ਧਵਨੀ ਕਾ ਵਿਸ਼ੇਸ਼ ਸਥਾਨ ਹੋਤਾ ਥਾ। ਇਸ ਕਾਲ ਮੇਂ ਸੰਖ, ਮਿਰਦੰਗ, ਭੇਰੀ, ਪਣਵ, ਆਸਕਾ, ਗੋਮੁਖ, ਬਾਂਸੁਰੀ, ਵੀਣਾ, ਛੈਲੀਸ਼ਕ ਆਦਿ ਵਾਦ ਯੰਤਰੋਂ ਕਾ ਉਲੇਖ ਮਿਲਤਾ ਹੈ।"[3] ਇਸ ਮਹਾਨ ਗ੍ਰੰਥ ਵਿਚ ਰਾਜਨੀਤੀ, ਅਰਥਸ਼ਾਸਤਰ, ਨੀਤੀਸ਼ਾਸਤਰ, ਦਰਸ਼ਨ ਸ਼ਾਸਤਰ, ਧਰਮ ਸ਼ਾਸਤਰ ਆਦਿ ਦਾ ਵਰਨਣ ਵੀ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਵਿਚ ਇਕ ਲੱਖ ਸ਼ਲੋਕ ਹਨ ਅਤੇ 18 ਪਰਵ ਹਨ। ਇਸ ਕਾਰਨ ਇਸ ਨੂੰ ਸਤਸਰਸਤਰੀ ਸੰਹਿਤਾ ਵੀ ਕਹਿੰਦੇ ਹਨ। ਮਹਾਂਭਾਰਤ ਦੇ ਅਠਾਹਰਾਂ ਪਰਵ ਇਸ ਪ੍ਰਕਾਰ ਹਨ:-

[1] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 109.
[2] ਬਾਵਰਾ, ਜੋਗਿੰਦਰ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 13.
[3] ਸ਼ਰਮਾ, ਭਗਵਤ ਸ਼ਰਣ, ਭਾਰਤੀਏ ਇਤਿਹਾਸ ਮੇਂ ਸੰਗੀਤ, ਪੰਨਾ 12, 13.

| | | | |
|---|---|---|---|
| 1. | ਆਦਿ ਪਰਵ | 10. | ਸੋਪਤਿਕ ਪਰਵ |
| 2. | ਸਭਾ ਪਰਵ | 11. | ਇਸਤਰੀ ਪਰਵ |
| 3. | ਆਰਣਕਅ ਪਰਵ | 12. | ਸਾਂਤੀ ਪਰਵ |
| 4. | ਵਿਰਾਟ ਪਰਵ | 13. | ਅਨੁਸ਼ਾਸ਼ਨ ਪਰਵ |
| 5. | ਉਦਯੋਗ ਪਰਵ | 14. | ਆਸਵਮੇਧਿਕ ਪਰਵ |
| 6. | ਭੀਸ਼ਮ ਪਰਵ | 15. | ਆਸ਼ਰਮਵਾਸਿਕ ਪਰਵ |
| 7. | ਦਰੋਣ (ਦ੍ਰੋਣ) ਪਰਵ | 16. | ਮੌਸਲ ਪਰਵ |
| 8. | ਕਰਣ ਪਰਵ | 17. | ਮਹਾਂਪ੍ਰਸਥਾਨਿਕ ਪਰਵ |
| 9. | ਸਲਅ ਪਰਵ | 18. | ਸਵਰਗੋਰੋਹਣ ਪਰਵ |

"ਮਹਾਂਭਾਰਤ ਵਿਚ ਅੱਠ ਹਜ਼ਾਰ ਸਲੋਕ ਅਜਿਹੇ ਹਨ, ਜਿਨ੍ਹਾਂ ਬਾਰੇ ਮਨੌਤ ਹੈ ਕਿ ਉਨ੍ਹਾਂ ਦੇ ਅਰਥ ਵਿਆਸ ਜੀ ਜਾਂ ਉਨ੍ਹਾਂ ਦੇ ਪੁੱਤਰ ਸੁਕਦੇਵ ਜੀ ਜਾਣਦੇ ਸਨ।"[1]

"ਭਾਰਤੀਏ ਸਾਹਿਤ ਕਾ ਸਰਵਸ਼੍ਰੇਸਠ ਗ੍ਰੰਥ ਭਗਵਤ ਗੀਤਾ ਇਸੀ ਮਹਾਂਭਾਰਤ ਕਾ ਅੰਸ਼ ਹੈ। ਇਸਕੇ ਅਤਿਰਿਕਤ ਵਿਸ਼ਣੂ ਸਹਿਸਤ੍ਰਨਾਮ, ਅਨੁਗੀਤਾ, ਭੀਸ਼ਮਸਤਵਰਾਜ, ਗਾਜੇਂਦਰ ਮੋਕਸ਼ ਜੈਸੇ ਅਧਿਆਤਮਿਕ ਤਥਾ ਭਕਤੀਪੂਰਣ ਗ੍ਰੰਥ ਯਹੀਂ ਸੇ ਉਦਿਤ ਕੀਏ ਗਏ ਹੈ। ਇਨਹੀਂ ਪਾਂਚ ਗ੍ਰੰਥੋਂ ਕੋ ਪੰਚਰਤਨ ਕੇ ਨਾਮ ਸੇ ਪੁਕਾਰਤੇ ਹੈਂ। ਇਨਹੀਂ ਗੁਣੋਂ ਕੇ ਕਾਰਣ ਮਹਾਂਭਾਰਤ ਪੰਚਮ ਵੇਦ ਕੇ ਨਾਮ ਸੇ ਵਿਖਿਆਤ ਹੈ।"[2]

ਮਹਾਂਰਿਸ਼ੀ ਨੇ ਆਪਣੇ ਗੂੜ ਗਿਆਨ ਅਤੇ ਬ੍ਰਹਮ ਤੇਜ ਦੇ ਕਾਰਨ ਹੀ ਸਾਰੇ ਵੇਦਾਂ ਦੇ ਨਿਚੋੜ ਨੂੰ ਇਕੱਤਰਿਤ ਕਰਕੇ ਇਸ ਮਹਾਨ ਗ੍ਰੰਥ ਮਹਾਂਭਾਰਤ ਦੀ ਰਚਨਾ ਕੀਤੀ। ਅਸੀਂ ਜਾਣਦੇ ਹਾਂ ਕਿ ਇਹ ਮਹਾਂਕਾਵਿ ਸੰਗੀਤ ਨਾਲ ਸੰਬੰਧਿਤ ਨਹੀਂ ਹੈ ਪਰੰਤੂ ਇਸਦੇ ਵਿਚ ਪੂਜਾ ਅਰਚਨਾ ਲਈ ਸੰਗੀਤ ਦੀ ਦਿਵਅ ਸ਼ਕਤੀ ਦਾ ਉਲੇਖ ਮਿਲਦਾ ਹੈ। "ਰਮਾਇਣ ਕਾਲ ਕੇ ਸਮਾਨ ਇਸ ਕਾਲ ਮੇਂ ਭੀ ਸਾਮ, ਸਤ੍ਰੋਤ, ਸਤੁਤੀ ਤਥਾ ਗਾਥਾ ਆਦਿ ਮੇਂ ਵੈਦਿਕਕਾਲੀਨ ਸੰਗੀਤ ਕਾ ਹੀ ਪਰਿਪਾਲਨ ਹੋਤਾ ਦਿਖਾਈ ਦੇਤਾ ਹੈ।"[3]

"ਯਗਗਾਨੋਂ ਮੇਂ ਸਾਮਗਾਨ ਕੀ ਪਰੰਪਰਾ ਥੀ। ਸਾਮਗਾਨ ਕਾ ਲਕਸ਼ ਪੂਰਣਤ : ਅਧਿਆਤਮਿਕ ਅਰਥਾਤ ਈਸ਼ਵਰ ਕੀ ਸਤੁਤੀ ਤਥਾ ਅਰਾਧਨਾ ਥਾ। ਮਹਾਂਭਾਰਤ ਕੇ ਅਨੇਕ ਪ੍ਰਸੰਗੋਂ ਮੇਂ ਸਾਮ ਸੰਗੀਤ ਕਾ ਵਰਨਣ ਮਿਲਤਾ ਹੈ। ...ਸਾਮਗਾਇਕ ਕਾ ਲਕਸ਼ ਈਸ਼ਵਰ ਕੀ ਅਰਾਧਨਾ ਥਾ ਅਤ : ਵਹ ਈਸ਼ਵਰ ਕਾ ਸਤੁਤੀਗਾਨ ਕਰਨਾ ਥਾ।

सामसिर्ये च गायन्ति सामगा : शुद्धबुद्धय :।"[4]

"ਮਹਾਂਭਾਰਤ ਮੇਂ ਹੀ ਸਰਵਪ੍ਰਥਮ 'ਗੰਧਾਰ ਗ੍ਰਾਮ' ਕਾ ਬੀਜ 'ਗੰਧਾਰ-ਮੂਰਛਨਾ' ਕੇ ਰੂਪ ਮੇਂ ਦਰਿਸਟਗਤ ਹੋਤਾ ਹੈ।

---

[1] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 93.
[2] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦਕ ਸੰਗੀਤ, ਪੰਨਾ 33.
[3] ਸ਼ਰਮਾ, ਸੁਨੀਤਾ (ਡਾ.), ਭਾਰਤੀਏ ਸੰਗੀਤ ਕਾ ਇਤਿਹਾਸ, ਅਧਿਆਤਮ ਏਵਮ ਦਾਰਸ਼ਨਿਕ, ਪੰਨਾ 58.
[4] ਵਰਮਾ, ਰਾਜੀਵ (ਡਾ.), ਪਾਰਿਕ, ਨੀਲਮ (ਡਾ.), ਭਾਰਤੀਏ ਸੰਗੀਤ ਕਾ ਅਧਿਆਤਮਿਕ ਸਵਰੂਪ, ਪੰਨਾ 31.

वीणेयं मध्ररारावा गान्धारस्वरमूर्धिता (आदि०191 / 5)”[1]

ਰਮਾਇਣ ਦੇ ਵਿਰਾਟ ਪਰਵ ਵਿਚ ਸੰਗੀਤ ਦੇ ਗਾਇਨ, ਵਾਦਨ ਨਰਿਤ ਤਿੰਨਾਂ ਹੀ ਰੂਪਾਂ ਦਾ ਵਰਨਣ ਕੀਤਾ ਹੈ।

''गीतं नुत्यं विचित्रं च वादित्रं विविधं तथा।

शिक्षियिष्यामयहं राहन् विराटस्य पुररित्रय :।''

(विराट–2 / 29)

ਸੰਗੀਤ ਦਾ ਪ੍ਰਚਾਰ ਪ੍ਰਸਾਰ ਰਾਜ ਦਰਬਾਰਾਂ ਵਿਚ ਹੀ ਹੁੰਦਾ ਸੀ ਅਤੇ ਸੰਗੀਤ ਦੀ ਸਿੱਖਿਆ ਲਈ ਸੰਗੀਤ ਸਿੱਖਿਅਕ ਨਿਯੁਕਤ ਕੀਤੇ ਜਾਂਦੇ ਹਨ। ਅਰਜੁਨ ਸੰਗੀਤ ਦੇ ਗਿਆਨਵਾਨ ਸਨ ਤੇ ਉਹਨਾਂ ਨੇ ਵੀ ਸੰਗੀਤ ਦੀ ਸਿਖਿਆ ਵੀ ਆਪਣੇ ਕਾਰਜ ਕਾਲ ਵਿਚ ਦਿੱਤੀ।

ਮਹਾਂਭਾਰਤ ਵਿਚ ਸੰਗੀਤ ਲਈ ਵਾਦਾਂ ਦਾ ਵੀ ਵਰਨਣ ਮਿਲਦਾ ਹੈ। ਸ਼ੁਭ ਅਵਸਰਾਂ, ਤਿਉਹਾਰਾਂ, ਮਨੋਰੰਜਨਾਂ ਦੇ ਹੇਤੂ ਵੀਣਾ, ਵੇਣੂ, ਸੰਖ, ਭੇਰੀ, ਪੁਸ਼ਕਰ, ਮਿਰਦੰਗ, ਦੁਦੰਭੀ, ਮੁਰਜ ਆਦਿ ਸਾਜਾਂ ਦਾ ਵਰਨਣ ਮਿਲਦਾ ਹੈ।

''वेषु वीणामृदंगानां मनोज्ञानां च सर्वशः।''

(आदि–215 / 9)

ਮਹਾਂਭਾਰਤ ਦੇ ਚੌਥੇ ਪਰਵ ਵਿਚ ਸਲੋਕ 39 ਵਿਚ ਧਰਮਰਾਜ ਦੀ ਸੰਗੀਤਮਈ ਉਪਾਸਨਾ ਦਾ ਜ਼ਿਕਰ ਆਉਂਦਾ ਹੈ।

''संचोदितास्तुम्बुरुणा गन्धर्व सहितास्तदा।

गायन्ति दिव्यतः नैस्ते यथान्यायं मनस्विनः।

पाण्डु पुत्रानृषाश्चिैव रमयन्त उपासते ।। 39।।''

ਭਾਵ: ਕਿੰਨਰ ਤੁੰਬਰੂ ਦੀ ਆਗਿਆ ਲੈ ਕੇ ਗੰਧਰਵਾਂ ਦੇ ਨਾਲ ਤਾਲ ਛੇੜਦੇ ਹੋਏ ਪਾਂਡਵਾਂ ਅਤੇ ਮਹਾਂਰਿਸ਼ੀ ਦਾ ਮਨੋਰੰਜਨ ਕਰਦੇ ਹੋਏ ਧਰਮਰਾਜ ਦੀ ਉਪਾਸਨਾ ਕਰਦੇ ਸੀ।

### 1.3.4 ਉਪਨਿਸ਼ਦਾਂ

ਉਪਨਿਸ਼ਦ ਸ਼ਬਦ ਦਾ ਅਰਥ ਹੈ ਕਿਸੇ ਦੇ ਕੋਲ ਨਿਸ਼ਠਾਪੂਰਵਕ ਬੈਠਣਾ। ਉਪਨਿਸ਼ਦ ਸ਼ਬਦ ਉਪ + ਨਿ + ਸਦ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। ਉਪ ਤੋਂ ਭਾਵ ਨਜ਼ਦੀਕ, ਨਿ ਤੋਂ ਭਾਵ ਨੀਚੇ ਅਤੇ ਸਦ ਤੋਂ ਭਾਵ ਹੈ ਬੈਠਣਾ।

“ਉਪਨਿਸ਼ਦ ਦਾ ਸ਼ਾਬਦਿਕ ਅਰਥ ਹੈ ਕਿਸੇ ਦੇ ਸਮੀਪ ਨਿਸ਼ਠਾਪੂਰਵਕ ਬੈਠਣਾ (ਉਪ + ਨਿ + ਸਦ) ਅਰਥਾਤ ਸਮੀਪ + ਨਿਸ਼ਠਾਪੂਰਵਕ + ਬੈਠਨਾ।”[2]

---

[1] ਵਰਮਾ, ਰਾਜੀਵ (ਡਾ.), ਪਾਰਿਕ, ਨੀਲਮ (ਡਾ.), ਭਾਰਤੀਏ ਸੰਗੀਤ ਕਾ ਅਧਿਆਤਮਿਕ ਸਵਰੂਪ, ਪੰਨਾ 31.
[2] ਵੈਸ਼ਯ, ਐਸ.ਪੀ., ਟੀ.ਐਨ. ਗੁਪਤਾ, ਭਾਰਤੀ ਸਭਿਅਤਾ ਏਵਮ ਸੰਸਕ੍ਰਿਤੀ ਕਾ ਇਤਿਹਾਸ, ਪੰਨਾ 2.

"ਉਪਨਿਸ਼ਦ ਦੋ ਸ਼ਬਦਾਂ ਦਾ ਮਿਸ੍ਰਤ ਨਾਂ ਹੈ। ਉਪ-ਨੇੜੇ, ਨਿਸ਼ਦ-ਬੈਠਣਾ, ਭਾਵ ਨੇੜੇ ਬੈਠਕੇ ਸੁਣਿਆ ਹੋਇਆ ਗਿਆਨ। ਇਨ੍ਹਾਂ ਦਾ ਗਿਆਨ ਰਿਸ਼ੀਆਂ ਨੇ ਆਪਣੇ ਪੁਤ੍ਰਾਂ ਜਾਂ ਵਿਦਿਆਰਥੀਆਂ ਨੂੰ ਸੁਣਾਇਆ, ਇਸ ਲਈ ਉਪਨਿਸ਼ਦ ਨਾਂ ਪ੍ਰਚਲਤ ਹੋ ਗਿਆ।"[1]

ਉਪਨਿਸ਼ਦਾਂ ਦੇ ਸ਼ਬਦ ਕੋਸ਼ ਅਰਥਾਂ ਤੋਂ ਪਤਾ ਚਲਦਾ ਹੈ ਕਿ ਵਿਦਿਆਰਥੀ ਜਦੋਂ ਸਿਖਿਆ ਗ੍ਰਹਿਣ ਕਰਨ ਲਈ ਗੁਰੂ ਦੇ ਨਜ਼ਦੀਕ ਸ਼ਰਧਾਪੂਰਵਕ ਬੈਠਦਾ ਹੈ ਤਾਂ ਉਸ ਨੂੰ ਉਚ ਅਧਿਆਤਮਿਕ ਤੱਤਾਂ ਦਾ ਗਿਆਨ ਕਰਾਇਆ ਜਾਂਦਾ ਹੈ। ਪਰੰਤੂ ਬਾਅਦ ਵਿਚ ਇਸ ਸ਼ਬਦ ਦਾ ਪ੍ਰਯੋਗ ਉਨ੍ਹਾਂ ਗ੍ਰੰਥਾਂ ਲਈ ਕੀਤਾ ਜਾਣ ਲੱਗਾ ਜਿਨ੍ਹਾਂ ਵਿਚ ਇਸ ਵਿਦਿਆ ਦਾ ਵਰਨਣ ਕੀਤਾ ਗਿਆ ਸੀ। ਉਪਨਿਸ਼ਦਾਂ ਤੋਂ ਭਾਵ ਉਸ ਗਿਆਨ ਤੋਂ ਹੈ ਜੋ ਵਹਿਮਾਂ ਭਰਮਾਂ ਨੂੰ ਦੂਰ ਕਰਕੇ ਮਨੁੱਖ ਨੂੰ ਯਥਾਰਥ ਗਿਆਨ ਵੱਲ ਲੈ ਜਾਂਦਾ ਹੈ ਜਿਸ ਨਾਲ ਉਸ ਪਰਮ ਆਨੰਦ ਦੀ ਪ੍ਰਾਪਤੀ ਕੀਤੀ ਜਾਂਦੀ ਹੈ ਜੋ ਦੁੱਖਾਂ ਤਕਲੀਫਾਂ ਤੋਂ ਦੂਰ ਲੈ ਜਾਂਦੀ ਹੈ।

ਉਪਨਿਸ਼ਦਾਂ ਵਿਚ ਆਤਮਾ ਨੂੰ ਛੋਟੀ ਤੋਂ ਛੋਟੀ ਅਤੇ ਮਹਾਨ ਦੱਸਿਆ ਹੈ। ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਭਗਤੀ ਹੀ ਉੱਚ ਸਾਧਨ ਦੱਸਿਆ ਹੈ ਅਤੇ ਭਗਤੀ ਦੁਆਰਾ ਹੀ ਮੋਕਸ਼ ਪ੍ਰਾਪਤੀ ਹੋ ਸਕਦੀ ਹੈ।

"ਉਪਨਿਸ਼ਦੋਂ ਮੇਂ ਭੀ ਪ੍ਰੇਮ ਯਾ ਭਕਤੀ ਕੇ ਦੁਆਰਾ ਈਸ਼ਵਰ ਕੋ, ਪ੍ਰਾਪਤ ਕਰਨੇ ਕੀ ਭਾਵਨਾ ਪ੍ਰਾਪਤ ਹੋਤੀ ਹੈ। ਬ੍ਰਹਮਾ ਕੇ ਪ੍ਰਤਿ ਸੰਪੂਰਨ ਭਾਵ ਸੇ ਆਤਮ-ਸਮਰਪਣ ਕਰਨੇ ਕੀ ਭਾਵਨਾ ਪਰ ਪ੍ਰਕਾਸ਼ ਡਾਲਤੇ ਹੁਏ ਕਹਾ ਗਆ ਹੈ,

मुमुक्षुर्वेरणमहं प्रयद्ये (ਸ਼ਵੇਤਾਸਵ ਰੋਪਨਿਸ਼ਦ, 6.12.)"[2]

ਭਾਵ ਮੈਂ ਮੋਕਸ਼ ਪ੍ਰਾਪਤੀ ਲਈ ਤੁਹਾਡੀ ਸ਼ਰਨ ਵਿਚ ਆਇਆ ਹਾਂ।

ਉਪਨਿਸ਼ਦਾਂ ਵਿਚ ਬ੍ਰਹਮ ਦੇ ਮੂਰਤ ਅਤੇ ਅਮੂਰਤ ਦੋਵਾਂ ਹੀ ਰੂਪਾਂ ਦਾ ਵਰਨਣ ਮਿਲਦਾ ਹੈ ਅਤੇ ਅਖੀਰ ਵਿਚ ਅਮੂਰਤ ਅਤੇ ਮੂਰਤ ਦੋਵਾਂ ਤੋਂ ਹੀ ਪਰੇ ਦੱਸਿਆ ਹੈ। ਵਿਸ਼ੁੱਧ ਤੱਤ ਗਿਆਨ ਦੇ ਲਈ ਬ੍ਰਹਮ ਨੂੰ ਨਿਰਗੁਣ ਅਤੇ ਅਵਿਅਕਤ ਕਿਹਾ ਗਿਆ ਹੈ। ਪਰ ਉਪਾਸਨਾ ਜਾਂ ਭਗਤੀ ਦੇ ਲਈ ਸਗੁਣ ਰੂਪ ਹੀ ਸਾਹਮਣੇ ਰੱਖਿਆ ਗਿਆ ਹੈ।

"ਉਪਨਿਸ਼ਦੋਂ ਮੇਂ ਭੀ ਇਸ ਪ੍ਰਕਾਰ ਕੀ ਭਾਵਨਾ ਸਪੱਸ਼ਟ ਲਕਛਿਤ ਹੋਤੀ ਹੈ। ਜੈਸੇ ਬ੍ਰਹਮ ਕੋ ਅੰਨਮਇ, ਪ੍ਰਾਣਮਇ, ਮਨੋਮਇ, ਵਿਗਿਆਨਮਇ ਔਰ ਆਨੰਦਮਇ ਦੇਖਨਾ ਉਸੇ ਅਪਨੀ ਅੰਤ: ਸੱਤਾ ਕੇ ਬਾਹਰ ਬਾਹਆ ਜਗਤ ਮੇ ਦੇਖਨੇ ਕਾ ਵਿਧਾਨ ਹੈ।"[3]

ਉਪਨਿਸ਼ਦਾਂ ਦੀ ਸੰਖਿਆ ਬਾਰੇ ਵੀ ਵਿਦਵਾਨਾਂ ਦੇ ਭਿੰਨ-ਭਿੰਨ ਮਤ ਹਨ। "ਭਾਰਤੀ ਦਰਸ਼ਨ ਦੇ ਪਹਿਲੇ ਗ੍ਰੰਥ ਉਪਨਿਸ਼ਦ ਹਨ। ਮੁਕਤਕਿ ਉਪਨਿਸ਼ਦ ਅਨੁਸਾਰ ਸਾਰੇ ਉਪਨਿਸ਼ਦਾਂ ਦੀ ਸੰਖਿਆ 108 ਹੈ, ਪਰੰਤੂ ਵਿਦਵਾਨ ਇਨ੍ਹਾਂ ਵਿਚੋਂ ਸਾਰਿਆਂ ਨੂੰ ਇਕੋ ਜਿਹਾ ਮਹੱਤਵ ਨਹੀਂ ਦਿੰਦੇ। ਇਤਿਹਾਸਿਕ ਦ੍ਰਿਸ਼ਟੀਕੋਣ ਤੇ ਉਨ੍ਹਾਂ ਉਪਨਿਸ਼ਦਾਂ ਨੂੰ ਹੀ ਮਹੱਤਵਪੂਰਵ ਸਮਝਿਆ ਜਾਂਦਾ ਹੈ ਜਿਨ੍ਹਾਂ ਦੀ ਰਚਨਾ ਬੁੱਧ ਤੋਂ ਪਹਿਲਾਂ ਹੋਈ।

---

[1] ਗਿਆਨੀ, ਪ੍ਰਤਾਪ ਸਿੰਘ, ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 49.
[2] ਸਕਸੇਨਾ, ਰਾਕੇਸ਼ ਬਾਲਾ (ਡਾ.), ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ, ਪੰਨਾ 5.
[3] ਪਾਂਡੇ, ਅਮਿਤਾ (ਡਾ.), ਖਿਆਲ ਗਾਇਕੀ ਔਰ ਭਗਤੀ ਰਸ, ਪੰਨਾ 23.

ਉਪਨਿਸ਼ਦਾਂ ਦੀ ਰਚਨਾ ਬਹੁਤ ਸਮਾਂ ਬਾਅਦ ਵਿਚ ਹੁੰਦੀ ਰਹੀ ਪਰੰਤੂ ਵਧੇਰੇ ਮਹੱਤਵ ਉਨ੍ਹਾਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਦੇ ਸ਼ੰਕਰਾਚਾਰੀਆ ਨੇ ਟੀਕੇ ਲਿਖੇ।"[1]

"ਉਪਨਿਸ਼ਦੋਂ ਕੀ ਸੰਖਿਆ 200 ਤਥਾ 220 ਤਕ ਬਤਾਈ ਜਾਤੀ ਹੈ। ਏਕ ਸੰਖਿਆ 108 ਉਪਨਿਸ਼ਦੋਂ ਕੀ ਭੀ ਕਹੀ ਜਾਤੀ ਹੈ। ਪਰੰਤੂ ਉਸਮੇਂ ਸੇ ਬਹੁਤ ਸੀ ਬਾਅਦ ਕੀ ਰਚਨਾਏ ਮਾਲੂਮ ਹੋਤੀ ਹੈ।"[2]

ਉਪਨਿਸ਼ਦਾਂ ਦੀ ਸੰਖਿਆ ਸਮੇਂ ਦੇ ਨਾਲ-ਨਾਲ ਵੱਧਦੀ ਤਕਰੀਬਨ 220 ਦੇ ਲਗਭਗ ਹੈ। ਪਰੰਤੂ ਬਹੁਤ ਥੋੜ੍ਹੀ ਗਿਣਤੀ ਹੀ ਵੈਦਿਕ ਸ਼ਾਖਾਵਾਂ ਨਾਲ ਸੰਬੰਧ ਰਖਦੀ ਹੈ। ਜਿੰਨਾ ਉਪਨਿਸ਼ਦਾਂ ਦਾ ਸ਼ੰਕਰਾਚਾਰੀਆ ਨੇ ਭਾਸ਼ਅ ਲਿਖਿਆ ਹੈ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ- ਈਸ਼, ਏਤਰੇਯ, ਕਠ, ਕੇਸ ਛੰਦੋਗਯ, ਤੈਤ੍ਰੀਯ, ਪ੍ਰਸ਼ਨ, ਮੁੰਡਕ, ਮਾਂਡੂਕਯ, ਬ੍ਰਿਹਦਾਰਣਾਯਕ।

"ਬਾਦਸ਼ਾਹ ਅਕਬਰ ਦੇ ਸਮੇਂ ਕੁਝ ਉਪਨਿਸ਼ਦਾਂ ਦਾ ਤਰਜੁਮਾ ਫ਼ਾਰਸੀ ਵਿਚ ਹੋਇਆ ਅਤੇ ਦਾਰਾ ਸ਼ਿਕੋਹ ਨੇ ਵੀ 1657 ਵਿਚ ਪੰਜਾਹ ਉਪਨਿਸ਼ਦਾਂ ਦਾ ਉਲਥਾ ਕਰਵਾਇਆ।"[3] ਉਪਨਿਸ਼ਦਾਂ ਦੇ ਮਹੱਤਵ ਨੂੰ ਸਮਝਦੇ ਹੋਏ ਭਾਰਤੀ ਸੰਸਕ੍ਰਿਤੀ ਅਤੇ ਦਾਰਸ਼ਨਿਕ ਪਹਿਲੂਆਂ ਨੂੰ ਸਮਝਣ ਲਈ ਮੁਸਲਿਮ ਬਾਦਸ਼ਾਹ ਨੇ ਇਨ੍ਹਾਂ ਗ੍ਰੰਥਾਂ ਦਾ ਆਪਣੀ ਭਾਸ਼ਾ ਅਰਬੀ ਅਤੇ ਫ਼ਾਰਸੀ ਵਿਚ ਅਨੁਵਾਦ ਕਰਵਾਇਆ।

ਉਪਨਿਸ਼ਦਾਂ ਵਿਚ ਈਸ਼ਵਰ ਦੀ ਸਰਬ ਵਿਆਪਕਤਾ, ਕਰਮ ਦੀ ਮਹਾਨਤਾ, ਈਸ਼ਵਰ ਦੀ ਉਪਾਸਨਾ, ਸਰਬਸ਼ਕਤੀਮਾਨ ਬ੍ਰਹਮ ਦੀ ਭਗਤੀ, ਗੁਰੂ ਦੀ ਮਹੱਤਤਾ, ਪੁਨਰ ਜੀਵਨ, ਇਕੀਸਰਵਾਦ, ਆਤਮਾ ਦੀ ਹੋਂਦ, ਓਂਕਾਰ ਦੀ ਹੋਂਦ ਆਦਿ ਵਿਸ਼ਿਆਂ ਤੇ ਚਾਨਣਾ ਪਾਇਆ ਗਿਆ ਹੈ।

ਉਪਨਿਸ਼ਦਾਂ ਨੂੰ ਵੇਦਾਂਤ ਵੀ ਕਿਹਾ ਗਿਆ ਹੈ। ਕਿਉਂਕਿ ਉਪਨਿਸ਼ਦ ਬ੍ਰਾਹਮਣ ਅਤੇ ਆਰਵਯਕਾਂ ਤੋਂ ਬਾਅਦ ਹੋਂਦ ਵਿਚ ਆਏ। ਵੈਦਿਕ ਸਾਹਿਤ ਵਿਚ ਉਪਨਿਸ਼ਦਾਂ ਦਾ ਸਥਾਨ ਵੇਦਾਂ ਤੋਂ ਬਾਅਦ ਵਿਚ ਆਉਂਦਾ ਹੈ ਇਸੇ ਲਈ ਹੀ ਇਨ੍ਹਾਂ ਨੂੰ ਵੇਦਾਂ + ਅੰਤ = ਵੇਦਾਂਤ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਅਸਲ ਵਿਚ ਉਪਨਿਸ਼ਦ ਵੇਦਾਂ ਦਾ ਹੀ ਇਕ ਭਾਗ ਹੈ। ਇਨ੍ਹਾਂ ਵਿਚ ਸਮੂਹ ਵੇਦਾਂ ਦਾ ਹੀ ਨਿਚੋੜ ਹੈ।

### 1.3.5 ਨਾਰਦ ਸੂਤਰ

ਨਾਰਦ ਸੂਤਰ ਵਿਚ ਭਗਤੀ ਨੂੰ ਪਰਮ ਪ੍ਰੇਮ ਰੂਪਾ ਕਿਹਾ ਗਿਆ ਹੈ। ਨਾਰਦ ਨੇ ਭਗਤੀ ਨੂੰ ਗਿਆਨ ਅਤੇ ਯੋਗ ਆਦਿ ਤੋਂ ਸਰਬਸ੍ਰੇਸ਼ਠ ਮੰਨਿਆ ਹੈ। ਭਗਤੀ ਵਿਚ ਭਗਤ ਆਪਣੇ ਆਪ ਨੂੰ ਇਸ਼ਟ ਨੂੰ ਸਮਰਪਿਤ ਕਰਦਾ ਹੈ ਅਤੇ ਥੋੜ੍ਹਾ ਜਿਹਾ ਵੀ ਪ੍ਰਭੂ ਵਿਸਰਣ 'ਤੇ ਵਿਆਕੁਲ ਤੇ ਬਹਿਬਲ ਹੋ ਜਾਂਦਾ ਹੈ। ਉਸ ਦਾ ਪ੍ਰਮਾਤਮਾ ਤੋਂ ਵਿਛੜ ਕੇ ਵਿਆਕੁਲ ਹੋ ਜਾਣਾ ਹੀ ਭਗਤੀ ਦਾ ਲੱਛਣ ਦੱਸਿਆ ਗਿਆ ਹੈ। ਡਾ. ਅਮਿਤਾ ਪਾਂਡੇ ਨੇ ਨਾਰਦ ਭਗਤੀ ਸੂਤਰ ਦਾ ਹਵਾਲਾ ਦਿੰਦੇ ਹੋਏ ਭਗਤੀ ਦੇ ਨਿਮਨਲਿਖਿਤ ਲੱਛਣ ਦੱਸੇ ਹਨ।

"ਅਰਥਾਤ ਵਹ ਭਗਤੀ ਈਸ਼ਵਰ ਕੇ ਪ੍ਰਤੀ ਪਰਮ ਪ੍ਰੇਮ ਰੂਪਾ ਹੈ ਔਰ ਅੰਮ੍ਰਿਤ ਸਵਰੂਪਾ ਭੀ ਹੈ, ਜਿਸ ਪਰਮ ਪ੍ਰੇਮ ਰੂਪ ਔਰ ਅੰਮ੍ਰਿਤ ਰੂਪ ਭਕਤੀ ਕੋ ਪਾਕਰ ਮਨੁਸ਼ਅ ਤ੍ਰਿਪਤ ਹੋ ਜਾਤਾ ਹੈ। ਜਿਸ ਭਕਤੀ

---

[1] ਮੁਖਬੈਨ ਸਿੰਘ, ਮਿਥ ਦਰਸ਼ਨ ਤੇ ਚਿੰਤਨ ਸ਼ਸਤਰ, ਪੰਨਾ 44.
[2] ਹਰੀ, ਵਿਯੋਗ, ਹਮਾਰੀ ਪਰੰਪਰਾ, ਪੰਨਾ 175.
[3] ਨਾਭਾ, ਭਾਈ ਕਾਨ੍ਹ ਸਿੰਘ, ਇਨਸਾਈਕਲੋਪੀਡੀਆ ਆੱਫ ਸਿੱਖ ਲਿਟਰੇਚਰ ਮਹਾਨ ਕੋਸ਼, ਪੰਨਾ 113.

ਕੇ ਪ੍ਰਾਪਤ ਹੋਨੇ ਪਰ ਮਨੁਸ਼ਅ ਨਾ ਕਿਸੀ ਵਸਤੂ ਕੀ ਇੱਛਾ ਕਰਤਾ ਹੈ ਨ ਸ਼ੋਕ ਕਰਤਾ ਹੈ ਨ ਕਿਸੀ ਵਸਤੂ ਮੇ ਆਸਕਤ ਹੋਤਾ ਹੈ ਔਰ ਨਾ ਉਸੇ ਵਿਸਅਭੋਗੋਂ ਕੀ ਪ੍ਰਾਪਤੀ ਮੇਂ ਉਤਸ਼ਾਹ ਹੋਤਾ ਹੈ ਤਥਾ ਜਿਸਕੋ ਪ੍ਰਾਪਤ ਕਰਕੇ ਮਨੁਸ਼ਅ ਉਮਦ ਹੋ ਜਾਤਾ ਹੈ, ਸਤੰਬ ਹੋ ਜਾਤਾ ਹੈ ਔਰ ਆਤਮਾਰਾਮ ਬਨ ਜਾਤਾ ਹੈ।"[1]

ਪ੍ਰਭੂ ਭਗਤੀ ਵਿਚ ਵਿਆਕੁਲਤਾ ਦੀ ਸਥਿਤੀ ਦਾ ਵਰਨਣ ਕਰਦੇ ਹੋਏ ਗੋਕੁਲ ਦੀਆਂ ਗੋਪੀਆਂ ਦੀ ਭਗਤੀ ਨੂੰ ਆਦਰਸ਼ ਭਗਤੀ ਦੱਸਿਆ ਹੈ, ਕਿਉਂਕਿ ਗੋਪੀਆਂ ਵੀ ਸ੍ਰੀ ਕ੍ਰਿਸ਼ਨ ਦੇ ਵਿਯੋਗ ਵਿਚ ਵਿਆਕੁਲ ਹੋ ਜਾਂਦੀਆਂ ਸਨ ਅਤੇ ਆਪਣੇ ਇਸ਼ਟ ਸ੍ਰੀ ਕ੍ਰਿਸ਼ਨ ਦੇ ਪ੍ਰਤੀ ਪ੍ਰੇਮਾਂ ਭਗਤੀ ਦਾ ਪ੍ਰਤੀਕ ਸਨ।

"ਨਾਰਦ ਦੀ ਭਗਤੀ ਭਾਵਨਾ ਵਿਚਲੇ ਪ੍ਰੇਮ ਦੀ ਪ੍ਰਕ੍ਰਿਤੀ ਬਾਰੇ ਵੀ ਕਾਫ਼ੀ ਕੁਝ ਕਿਹਾ ਗਿਆ ਹੈ, ਇਹ ਪ੍ਰੇਮ ਗੁੰਗੇ ਦੇ ਗੁੜ ਖਾਣ ਵਾਂਗ ਹੈ, ਕਾਮਨਾ ਰਹਿਤ ਹੈ, ਹਰ ਘੜੀ ਵਧਦਾ ਰਹਿੰਦਾ ਹੈ ਅਤੇ ਸੂਖਮ ਤੋਂ ਸੂਖਮ ਹੁੰਦਾ ਹੈ। ਅਜਿਹੇ ਪ੍ਰੇਮ ਨੂੰ ਪ੍ਰਾਪਤ ਕਰਕੇ ਪ੍ਰੇਮੀ ਭਗਤ ਇਸੇ ਨੂੰ ਦ੍ਰਿਸ਼ਟੀਗਤ ਕਰਦਾ, ਇਸੇ ਨੂੰ ਸੁਣਦਾ, ਇਸੇ ਦਾ ਕਥਨ ਕਰਦਾ ਹੈ ਅਤੇ ਇਸੇ ਦਾ ਹੀ ਚਿੰਤਨ ਕਰਦਾ ਹੈ।"[2]

ਨਾਰਦ ਭਗਤੀ ਸੂਤਰ ਵਿਚ ਭਗਤੀ ਨੂੰ ਸੁਦ੍ਰਿੜ ਬਣਾਉਣ ਲਈ ਹੇਠ ਲਿਖੀਆਂ ਗੱਲਾਂ ਦੱਸੀਆਂ ਗਈਆਂ ਹਨ ਜਿੰਨ੍ਹਾਂ ਨੂੰ ਪ੍ਰੇਮ ਸਹਿਤ ਗ੍ਰਹਿਣ ਕਰਕੇ ਭਗਤੀ ਦੀ ਉੱਚਤਮ ਸਥਿਤੀ ਤੱਕ ਪਹੁੰਚ ਕੀਤੀ ਜਾ ਸਕਦੀ ਹੈ।

1. ਭਗਵਾਨ ਨਾਲ ਗੂੜ੍ਹ ਪ੍ਰੇਮ ਹੋ ਜਾਣਾ ਹੀ 'ਭਗਤੀ' ਹੈ। ਅਜਿਹੀ ਭਗਤੀ ਨੂੰ ਪਾ ਕੇ ਮਨੁੱਖ ਸਿੱਧੀਆਂ ਦੀ ਪ੍ਰਾਪਤੀ ਕਰਦਾ ਹੈ, ਅਮਰ ਹੋ ਜਾਂਦਾ ਹੈ ਅਤੇ ਆਪਣੇ ਦੁਖ-ਸੁਖ ਤੋਂ ਉਪਰ ਉਠ ਜਾਂਦਾ ਹੈ।
2. ਭਗਵਾਨ ਦੀ ਭਗਤੀ ਦੇ ਉਪਜਣ ਨਾਲ ਲੌਕਿਕ ਤੇ ਵੈਦਿਕ ਕਰਮ, ਜੋ ਵੀ ਭਗਵਾਨ ਵਿਰੋਧੀ ਹੁੰਦੇ ਹਨ, ਸਭ ਛੁੱਟ ਜਾਂਦੇ ਹਨ। ਸਾਰੇ ਕਰਮਾਂ ਤੇ ਆਚਾਰਾਂ ਨੂੰ ਭਗਵਾਨ ਲਈ ਅਰਪਿਤ ਕਰਨਾ ਅਤੇ ਉਸ ਦੇ ਵਿਸਰਣ ਵਿਚ ਪਰਮ ਵਿਆਕੁਲਤਾ ਦੀ ਅਭਿਵਿਅਕਤੀ ਹੋਣਾ, ਭਗਤੀ ਦੀ ਮੁਖ ਸ਼ਰਤ ਹੈ।
3. ਪ੍ਰੇਮ ਰੂਪਾ ਭਗਤੀ ਕਰਮ, ਗਿਆਨ ਅਤੇ ਯੋਗ, ਸਾਰੇ ਕਾਰਜਾਂ ਨਾਲੋਂ ਉੱਤਮ ਹੁੰਦੀ ਹੈ, ਕਿਉਂਕਿ ਇਹ ਕਿਸੇ ਫਲ-ਪ੍ਰਾਪਤੀ ਦੀ ਖਾਤਰ ਨਹੀਂ ਕੀਤੀ ਜਾਂਦੀ। ਉਹ ਆਪਣਾ ਫਲ ਆਪ ਹੁੰਦੀ ਹੈ, ਫਲ ਲਈ ਗਿਆਨ ਉੱਤੇ ਆਸ਼ਰਿਤ ਨਹੀਂ ਹੁੰਦੀ।
4. ਮੁਕਤੀ ਦੀ ਇੱਛਾ ਕਰਨ ਵਾਲੇ ਭਗਤ ਨੂੰ ਪ੍ਰਭੂ ਭਗਤੀ ਹੀ ਗ੍ਰਹਿਣ ਕਰਨੀ ਚਾਹੀਦੀ ਹੈ, ਕਿਉਂ ਜੋ ਭਗਤੀ ਮੁਕਤੀ ਦਾ ਮਾਧਿਅਮ ਹੈ।
5. ਭਗਤੀ ਦੀ ਸਾਧਨਾ ਵਿਚ ਵਿਸ਼ੈ ਵਸਤੂ ਦਾ ਤਿਆਗ, ਅਖੰਡ ਭਜਨ, ਭਗਵਾਨ ਦੇ ਗੁਣਾਂ ਦਾ ਸ੍ਰਵਣ, ਕੀਰਤਨ ਆਦਿ ਸ਼ਾਮਲ ਹਨ।

---

[1] ਪਾਂਡੇ, ਅਮਿਤਾ (ਡਾ.), ਖਿਆਲ ਗਾਇਕੀ ਔਰ ਭਗਤੀ ਰਸ, ਪੰਨਾ 25.
[2] ਮਨਮੋਹਨ ਸਿੰਘ (ਡਾ.), ਗੁਰਮਤਿ ਕਾਵਿ ਅਤੇ ਭਗਤੀ ਧਾਰਾ, ਪੰਨਾ 12.

6. ਭਗਤੀ ਵਿਚ ਸਫਲਤਾ ਦਾ ਸਭ ਤੋਂ ਵੱਡਾ ਸਾਧਨ, ਪੁਰਖਿਆਂ (ਗੁਰੂ ਅਤੇ ਸੰਤਾਂ) ਅਤੇ ਭਗਵਾਨ ਦੀ ਲੇਸਮਾਤ੍ਰ ਕਿਰਪਾ ਹੈ। ਵਾਸਤਵ ਵਿਚ ਵੱਡਿਆਂ-ਵਡੇਰਿਆਂ ਅਤੇ ਗੁਰੂਆਂ ਤੇ ਸੰਤਾਂ ਦੀ ਕ੍ਰਿਪਾ ਭਗਵਾਨ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ।
7. ਨਿਸ਼ਕਾਮ ਹੋ ਕੇ ਨਿੱਤ ਦਾਸ ਅਤੇ ਕਾਂਤਾ ਭਾਵ ਨਾਲ ਭਗਵਾਨ ਨਾਲ ਪ੍ਰੇਮ ਕਰਨਾ ਚਾਹੀਦਾ ਹੈ।
8. ਭਗਤਾਂ ਵਿਚ ਜਾਤੀ, ਵਿਦਿਆ, ਰੂਪ, ਕੁਲ, ਧੰਨ ਆਦਿ ਦਾ ਭੇਦ-ਭਾਵ ਨਹੀਂ ਹੁੰਦਾ, ਕਿਉਂਕਿ ਇਹ ਸਭ ਇਕ ਹੀ ਭਗਵਾਨ ਦੀ ਇੰਸ ਹਨ।
9. ਭਗਤਾਂ ਵਿਚ ਅਹਿੰਸਾ, ਸੱਚ ਆਦਿ ਧਰਮਾਂ ਦਾ ਪਾਲਨ ਕਰਨਾ ਚਾਹੀਦਾ ਹੈ ਅਤੇ ਨਿਸ਼ਚਿੰਤ ਹੋ ਕੇ ਸਰਵਭਾਵ ਦੇ ਨਾਲ ਭਗਵਾਨ ਦਾ ਭਜਨ ਕਰਨਾ ਚਾਹੀਦਾ ਹੈ।

### 1.3.6 ਸ੍ਰੀਮਦ ਭਾਗਵਤ ਗੀਤਾ

ਰਚਨਾ ਕਾਲ ਦੇ ਹਿਸਾਬ ਨਾਲ ਭਾਗਵਤ ਦਾ ਪੰਜਵਾਂ ਸਥਾਨ ਹੈ। ਗੀਤਾ ਨੂੰ ਸਾਰੇ ਸ਼ਾਸਤਰਾਂ ਅਤੇ ਉਪਨਿਸ਼ਦਾਂ ਦਾ ਸਾਰ ਕਿਹਾ ਜਾਂਦਾ ਹੈ। ਗੀਤਾ ਨੂੰ ਭਗਤੀ ਸ਼ਾਸਤਰ ਦੀ ਵਿਸ਼ਵਕੋਸ਼ ਵੀ ਕਿਹਾ ਜਾਂਦਾ ਹੈ। ਗੀਤਾ ਵਿਚ ਗਿਆਨ, ਕਰਮ ਅਤੇ ਭਗਤੀ ਬਾਰੇ ਵਿਸਤਾਰ ਵਿਚ ਵਰਨਣ ਮਿਲਦਾ ਹੈ। ਗੀਤਾ ਵਿਚ ਭਗਤੀ ਦੀ ਵਿਆਖਿਆ ਉਕਤ ਸਲੋਕ ਵਿਚ ਇਸ ਪ੍ਰਕਾਰ ਕੀਤੀ ਗਈ ਹੈ।

"मय्यावेश्य मनो ये मां नित्ययुक्ता उपासते
श्रद्धया परयोपेतास्ते मे युक्ततमा मता–।। २।।"

ਅਧਿਆਇ 12 ਸਲੋਕ 2

"ਸ੍ਰੀ ਭਗਵਾਨ ਨੇ ਕਿਹਾ, ਜੋ ਲੋਗ ਅਪਨੇ ਮਨ ਕੋ ਮੇਰੇ ਸਾਕਾਰ ਰੂਪ ਮੇਂ ਇਕਾਗਰ ਕਰਤੇ ਹੈ, ਔਰ ਅਤਿਅੰਤ ਸ਼ਰਧਾਪੂਰਵਕ ਮੇਰੀ ਪੂਜਾ ਕਰਨੇ ਮੇਂ ਸਦੈਵ ਲਗੇ ਰਹਤੇ ਹੈ, ਵੇ ਮੇਰੇ ਦੁਆਰਾ ਪਰਮ ਸਿਧ ਮਾਨੇ ਜਾਤੇ ਹੈ।"[1]

ਸ੍ਰੀਮਦ ਭਾਗਵਤ ਗੀਤਾ ਵਿਚ ਭਗਤੀ ਅਤੇ ਧਰਮ ਨੂੰ ਉਜਾਗਰ ਕਰਦੇ ਹੋਏ ਸਮਝਾਇਆ ਗਿਆ ਹੈ ਕਿ ਸਰਵ ਉੱਚ ਧਰਮ ਉਹ ਹੈ, ਜਿਸ ਨਾਲ ਭਗਵਾਨ ਸ੍ਰੀ ਕ੍ਰਿਸ਼ਨ ਦੀ ਭਗਤੀ ਹੋਵੇ। ਭਗਤੀ ਦੀ ਇਸ ਅਵਸਥਾ ਵਿਚ ਕਿਸੇ ਪ੍ਰਕਾਰ ਦੀ ਲਾਲਸਾ ਨਾ ਹੋਵੇ ਅਤੇ ਜੋ ਹਰ ਰੋਜ਼ ਨੇਮ ਨਾਲ ਚਲਦੀ ਰਹੇ ਭਾਵ ਭਗਤੀ ਵਿਚ ਨਿਰੰਤਰਤਾ ਬਣੀ ਰਹੇ। ਅਜਿਹੀ ਭਗਤੀ ਵਿਚ ਹੀ ਅਥਾਹ ਸ਼ਕਤੀ ਹੁੰਦੀ ਹੈ ਅਜਿਹੀ ਸ਼ਕਤੀ ਦੇ ਸਦਕਾ ਹੀ ਆਤਮਾ ਸਰਬ ਸ਼ਕਤੀਮਾਨ ਨੂੰ ਪਾ ਕੇ ਧੰਨ ਹੋ ਜਾਂਦੀ ਹੈ। ਆਤਮਾ ਦਾ ਸਰਬ ਸ਼ਕਤੀਮਾਨ ਨਾਲ ਮਿਲਾਪ ਹੀ ਭਗਤੀ ਦੀ ਉਚਤਮ ਸਰਵਉੱਚ ਮੰਜਿਲ ਹੈ। ਸ੍ਰੀਮਦ ਭਾਗਵਤ ਗੀਤਾ ਵਿਚ ਨਿਰੰਤਰਤਾ ਅਤੇ ਸਥਿਰਤਾ ਯੁਕਤ ਭਗਤੀ ਦਾ ਵਰਨਣ ਮਿਲਦਾ ਹੈ।

"अपि चेत्सुदुराचारो भजते मामनन्यभाक्।
साधुरेव स मन्तव्यः सम्यग्व्यवसितो हि सः।। ३०।।"[2]

---

[1] ਸ੍ਰੀ ਸ੍ਰੀਮਦ ਏ.ਸੀ., ਭਕਤੀ ਵੇਦਾਂਤ ਸਵਾਮੀ ਪ੍ਰਭੂਪਾਦ, ਮਦਭਾਗਵਤ ਗੀਤਾ ਯਧਾਰੂਪ, ਪੰਨਾ 401.
[2] ਉਹੀ, ਪੰਨਾ 324.

ਸ੍ਰੀਮਦ ਭਗਵਤ ਗੀਤਾ ਤੇ ਅਨੁਸਾਰ ਭਗਵਾਨ ਨੂੰ ਪ੍ਰੇਮ ਭਾਵ ਨਾਲ ਜਪਣ ਵਾਲਾ ਘੋਰ ਪਾਪੀ ਅਤੇ ਦੁਸ਼ਟ ਮਨੁੱਖ ਵੀ ਸਾਧੂ ਹੁੰਦਾ ਹੈ। ਸ੍ਰੀ ਕ੍ਰਿਸ਼ਨ ਨੇ ਇਹ ਵੀ ਕਿਹਾ ਹੈ ਕਿ ਭਗਵਤ ਭਗਤ ਦਾ ਕਦੇ ਵੀ ਵਿਨਾਸ਼ ਨਹੀਂ ਹੋ ਸਕਦਾ ਹੈ।

ਗੀਤਾ ਦੇ ਕੁਲ 18 ਅਧਿਆਇ ਤੇ 700 ਸਲੋਕ ਹਨ। ਗੀਤਾਂ ਵਿਚ ਬ੍ਰਹਮ ਗਿਆਨ, ਭਗਤੀ ਤੇ ਕਰਮ ਦਾ ਮੇਲ ਹੈ। ਗੀਤਾ ਦੇ ਪਹਿਲੇ ਛੇ ਅਧਿਆਇ ਗਿਆਨ ਯੋਗ, ਸੱਤਵੇਂ ਤੋਂ ਬਾਹਰਵੇਂ ਅਧਿਆਇ ਵਿਚ ਭਗਤੀ ਤੇ ਬਾਹਰਵੇਂ ਤੋਂ ਅਠਾਰਵੇਂ ਅਧਿਆਇ ਵਿਚ ਕਰਮ ਯੋਗ ਦਾ ਵਰਨਣ ਹੈ। ਵਾਸਤਵਿਕਤਾ ਤਾਂ ਇਹ ਹੈ ਕਿ ਗੀਤਾ ਭਗਤੀ ਭਾਵਨਾ ਨਾਲ ਓਤ-ਪ੍ਰੋਤ ਹੈ। "ਭਗਤੀ, ਜਿਸ ਨੂੰ 'ਸ੍ਰੀ ਮਦਭਗਵਦ ਗੀਤਾ' ਸਾਧਨਾ ਦੇ ਰੂਪ ਵਜੋਂ ਪਹਿਲੀ ਵਾਰ ਸਪੱਸ਼ਟ ਢੰਗ ਨਾਲੋਂ ਪ੍ਰਵਿਸ਼ਟ ਦਿਸਦੀ ਹੈ। ਪ੍ਰਭੂ-ਪਰਾਇਣਤਾ ਤੇ ਉਸ ਲਈ ਅਟੁੱਟ ਤੇ ਤੀਬਰ ਪਿਆਰ ਦਾ ਨਾਂ ਹੈ।"[1]

ਗੀਤਾ ਵਿਚ ਭਗਤਾਂ ਦੀਆਂ ਵੰਨਗੀਆਂ ਨੂੰ ਇਸ ਤਰ੍ਹਾਂ ਦੱਸਿਆ ਗਿਆ ਹੈ।

1. **ਅਰਥਾਰਥੀ:** ਜੋ ਲੋਕ ਸੰਸਾਰਿਕ ਵਸਤਾਂ ਦੇ ਮੋਹ ਕਾਰਨ ਉਹਨਾਂ ਪਦਾਰਥਾਂ ਦੀ ਪ੍ਰਾਪਤੀ ਦੇ ਲਈ ਭਗਤੀ ਕਰਦੇ ਹਨ।
2. **ਆਰਤ:** ਜੋ ਭਗਤ ਕਿਸੇ ਦੁੱਖ ਸੰਕਟ ਦੇ ਸਮੇਂ ਸੰਕਟ ਨਿਵਾਰਨ ਦੇ ਲਈ ਭਗਤੀ ਕਰਦੇ ਹਨ।
3. **ਗਿਆਨੀ:** ਇਹ ਭਗਤ ਭਗਤੀ ਦੀ ਉੱਚ ਅਵਸਥਾ ਦਾ ਧਾਰਣੀ ਹੁੰਦਾ ਹੈ ਭਾਵ ਜਿਹੜਾ ਭਗਤ ਬਿਨ੍ਹਾਂ ਕਿਸੇ ਨਿੱਜੀ ਸਵਾਰਥ ਦੇ ਭਗਤੀ ਕਰਦਾ ਹੈ।

ਗੀਤਾ ਵਿਚ ਭਗਤੀ ਨੌਂ ਪ੍ਰਕਾਰ ਦੀ ਦੱਸੀ ਗਈ ਹੈ ਜਿਸਨੂੰ ਨਵਲਖਣਾ ਭਗਤੀ ਨਾਮ ਨਾਲ ਵਰਣਿਤ ਕੀਤਾ ਗਿਆ ਹੈ।

> ''श्रवण कीर्तन, विष्णो : स्मरण पादसेवनम्
> अर्चन वन्दन दास्यं सख्यमात्मवियंदनम्।''

(भा॰ 7–8–23)

ਭਗਤੀ ਦੇ ਇਹ ਨੌਂ ਪ੍ਰਕਾਰ ਇਸ ਤਰ੍ਹਾਂ ਹਨ:-

1. **ਸ੍ਰਵਣ ਭਗਤੀ:** ਆਪਣੇ ਇਸ਼ਟ (ਪ੍ਰਭੂ, ਭਗਵਾਨ, ਪ੍ਰਮਾਤਮਾ) ਦੀ ਲੀਲਾ ਦਾ ਜਸ ਸੁਨਣਾ।
2. **ਕੀਰਤਨ ਭਗਤੀ:** ਆਪਣੇ ਇਸ਼ਟ ਦੀ ਉਸਤਤੀ ਗਾਇਨ ਦੇ ਦੁਆਰਾ ਕਰਨਾ।
3. **ਸਿਮਰਨਾ ਭਗਤੀ:** ਪ੍ਰਭੂ ਦਾ ਨਾਮ ਸਿਮਰਨਾ, ਨਾਮ ਜਪਣਾ, ਯਾਦ ਕਰਨਾ ਜਾਂ ਅੰਤਰ ਮਨ ਤੋਂ ਚਿੰਤਨ ਕਰਨਾ।
4. **ਪਾਦ ਸੇਵਨ ਭਗਤੀ:** ਅੰਤਰ ਮਨ ਹੋ ਕੇ ਪ੍ਰਭੂ ਦੇ ਚਰਨਾਂ ਨਾਲ ਪ੍ਰੀਤ ਜੋੜਨੀ ਜਾਂ ਚਰਨਾਂ ਦੀ ਸੇਵਾ ਕਰਨਾ।
5. **ਅਰਚਨ ਭਗਤੀ:** ਸ਼ਰਧਾ ਪੂਰਵਕ ਪ੍ਰਭੂ ਦੇ ਸਗੁਣ ਸਰੂਪ ਦੀ, ਫੁੱਲ, ਚੰਦਨ ਆਦਿ ਨਾਲ ਸੇਵਾ ਕਰਨਾ।

---
[1] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ-ਜੂਨ 1985, ਪੰਨਾ 146.

6. **ਬੰਦਨ ਭਗਤੀ:** ਨਮਸਕਾਰ ਕਰਨੀ ਜਾਂ ਪ੍ਰਭੂ ਦੇ ਮੂਰਤ ਰੂਪ ਦੀ ਬੰਦਨਾ ਕਰਨੀ।

7. **ਸਖਾ ਭਗਤੀ:** ਸਖਾ ਜਾਂ ਮਿੱਤਰ ਭਾਵ ਨਾਲ ਪ੍ਰਭੂ ਦੀ ਉਪਾਸਨਾ ਕਰਨਾ।

8. **ਦਾਸਅ ਭਗਤੀ:** ਪ੍ਰਭੂ ਦਾ ਦਾਸ ਜਾਂ ਸੇਵਕ ਬਣ ਕੇ ਜਾਂ ਪ੍ਰਮਾਤਮਾ ਨੂੰ ਦਾਤਾ ਅਤੇ ਆਪਣੇ ਆਪ ਨੂੰ ਭਿਖਾਰੀ ਸਮਝ ਕੇ ਪ੍ਰਭੂ ਦੀ ਭਗਤੀ ਕਰਨਾ।

9. **ਆਤਮ ਨਿਵੇਦਨ ਭਗਤੀ:** ਇਸ਼ਟ ਦੇਵ ਦੇ ਸਾਹਮਣੇ ਆਪੇ ਨੂੰ ਸਮਰਪਿਤ ਕਰਨ ਜਾਂ ਅਰਪਨ ਕਰਨਾ।

"ਭਾਗਵਤਕਾਰ ਨੇ ਭਗਤੀ ਕੇ ਸਾਦਅ ਔਰ ਸਾਧਨ ਦੋ ਪਕਸ਼ ਮਾਨੇ ਹੈਂ, ਅਰਥਾਤ ਨਿਸਚਲ ਮਨ ਸੇ ਭਗਵਾਨ ਕਾ ਸਦਾ ਸ੍ਰਵਣ, ਕੀਰਤਨ ਔਰ ਅਰਾਧਨ ਸਾਧਨ ਪਕਸ਼ ਕੇ ਅੰਤਰਗਤ ਹੈ, ਔਰ ਭਗਵਾਨ ਕੇ ਪ੍ਰਤੀ ਪਾਰਨੁਰਕਿਤ ਹੋਨਾ ਸਾਧਅ-ਪਕਸ਼ ਹੈ। ਸਾਧਨ ਰੂਪ ਭਗਤੀ ਕੋ ਨਵਧਾਭਕਤੀ, ਵੈਧੀਭਕਤੀ, ਅਥਵਾ ਮਰਿਆਦਾਭਕਤੀ ਕਾ ਨਾਮ ਦੀਆ ਗਆ ਹੈ। ਭਕਤ ਕੋ ਪ੍ਰੇਮਾਭਕਤੀ ਏਵਮ ਰਾਗਾਨੁਮਾ (ਰਾਗਤਮਿਕਤਾ) ਭਕਤੀ ਕਹਾ ਗਆ ਹੈ। ਇਸਕੇ ਅਤਿਰਿਕਤ ਇਸ ਮਹਾਂਪੁਰਾਣ ਮੇਂ ਨਵਧਾ ਭਕਤੀ ਕਾ ਭੀ ਉਲੇਖ ਹੈ, ਯਧਾ, ਸ੍ਰਵਣ, ਕੀਰਤਨ, ਸਮਰਣ, ਪਾਦਸੇਵਨ, ਅਰਚਨ, ਵੰਦਨ, ਦਾਸਅ, ਸਖਾ ਔਰ ਆਤਮ ਨਿਵੇਦਨ।"[1]

"ਸੰਗੀਤ ਕੇ ਦੁਆਰਾ ਆਪਣੇ ਪ੍ਰਭੂ ਕੋ ਸਮਰਨ ਕਰਨੇ ਕੀ ਮੌਲਿਕ ਭਾਵਨਾ ਹਮੇਂ ਭਾਰਤ ਕੇ ਵੈਦਿਕ ਯੁਗ ਸੇ ਪ੍ਰਾਪਤ ਹੁਈ, ਯਹ ਤੋਂ ਹਮਾਰਾ ਵਿਸ਼ਵਾਸ ਹੈ ਕਿ ਸੰਪੂਰਨ ਵਿਸ਼ਵ ਮੇਂ ਸੰਗੀਤਮਈ ਉਪਾਸਨਾ ਕੀ ਮੌਲਿਕ ਭਾਵਨਾ ਫੈਲੀ ਹੁਈ ਹੈ।"[2]

ਭਗਤੀ ਅਸਲ ਵਿਚ ਆਪਣੇ ਗੁਰੂ ਜਾਂ ਆਪਣੇ ਇਸ਼ਟ ਦੇ ਪ੍ਰਤੀ ਹੋਣ ਵਾਲਾ ਸ਼ਰਧਾਪੂਰਵਕ ਅਨੁਰਾਗ ਹੈ ਜਿਸਦੇ ਫ਼ਲਸਰੂਪ ਈਸ਼ਵਰ ਅਤੇ ਮਨੁੱਖ ਵਿਚ ਸੰਬੰਧ ਸਥਾਪਿਤ ਹੁੰਦਾ ਹੈ। ਸਾਰੇ ਹੀ ਪ੍ਰਾਚੀਨ ਧਾਰਮਿਕ ਗ੍ਰੰਥ ਭਗਤੀ ਦਾ ਹੀ ਆਧਾਰ ਲੈ ਕੇ ਰਚੇ ਗਏ ਹਨ। ਭਗਤੀ ਹੀ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਮੁਕਤੀ ਦਿਵਾਉਂਦੀ ਹੈ ਅਤੇ ਅੰਤਰ ਆਤਮਾ ਵਿਚ ਗਿਆਨ ਪ੍ਰਕਾਸ਼ਮਾਨ ਕਰਦੀ ਹੈ। ਜਦੋਂ ਮਨੁੱਖ ਆਤਮ-ਗਿਆਨੀ ਹੁੰਦਾ ਹੈ ਤਾਂ ਉਸ ਦੀ ਪ੍ਰਵਿਰਤੀ ਸੁਭਾਵਿਕ ਹੀ ਦੁਨੀਆਵੀ ਲੋਭ-ਮੋਹ ਤੋਂ ਦੂਰ ਰਹਿੰਦੀ ਹੈ। ਉਹ ਹਰ ਵਕਤ ਉਸ ਸਰਬਸ਼ਕਤੀ ਮਾਨ ਦੇ ਡੂੰਘੇ ਪ੍ਰੇਮ ਵਿਚ ਭਿਜਿਆ ਹੋਇਆ ਉਸੇ ਦੀ ਹੀ ਭਗਤੀ ਵਿਚ ਲੀਨ ਹੋ ਕੇ ਉਸ ਨਿਰਾਕਾਰ ਅਤੇ ਸਾਕਾਰ ਬ੍ਰਹਮ ਦੇ ਪ੍ਰਤੀ ਆਪਣੀਆਂ ਸਾਰੀਆਂ ਇੱਛਾਵਾਂ ਨਿਛਾਵਰ ਕਰਦਾ ਹੈ।

ਭਗਤੀ ਭਾਵਨਾ ਆਦਿ ਕਾਲ ਤੋਂ ਹੀ ਮਨੁੱਖ ਦੇ ਜੀਵਨ ਵਿਚ ਆਰੰਭ ਹੋ ਗਈ ਸੀ ਜਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਮਨੁੱਖ ਦੇ ਇਸ ਸ੍ਰਿਸ਼ਟੀ 'ਤੇ ਪੈਦਾ ਹੋਣ ਤੇ ਹੀ ਮਨੁੱਖ ਅੰਦਰ ਇਹ ਭਾਵਨਾ ਮੌਜੂਦ ਸੀ ਚਾਹੇ ਉਹ ਕਿਸੇ ਡਰ ਤਹਿਤ ਜਾਂ ਪ੍ਰੇਮ, ਅਨੁਰਾਗ ਤਹਿਤ ਹੀ ਸੀ। ਅਸਲ ਵਿਚ ਮਨੁੱਖ ਨੇ ਆਪਣੇ ਜੀਵਨ ਨੂੰ ਸੁਖ ਸਮ੍ਰਿਧੀ ਨਾਲ ਭਰਪੂਰ ਕਰਨ ਲਈ ਕੁਦਰਤੀ ਦੇਵਤਿਆਂ ਸੂਰਜ, ਅੱਗ, ਪਾਣੀ, ਹਵਾ,

---

[1] ਸ਼ਰਮਾ, ਮੁਨਸ਼ੀ ਰਾਮ, ਭਕਤੀ ਕਾ ਵਿਕਾਸ, ਪੰਨਾ 113.
[2] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 85.

ਧਰਤੀ ਆਦਿ ਦੇਵਤਿਆਂ ਦੀ ਸੰਗੀਤਕ ਪੂਜਾ ਕੀਤੀ। ਵੈਦਿਕ ਕਾਲ ਤੋਂ ਸਾਨੂੰ ਵੇਦਾਂ, ਉਪਨਿਸ਼ਦ ਮਹਾਂਭਾਰਤ, ਰਮਾਇਣ, ਗੀਤਾ ਆਦਿ ਧਾਰਮਿਕ ਕਾਵਿ ਗ੍ਰੰਥਾਂ ਵਿਚ ਸੰਗੀਤਕ ਉਪਾਸਨਾ ਦਾ ਚਿਤਰਨ ਮਿਲਦਾ ਹੈ।